
ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਅਲੌਕਿਕ ਕੌਤਕ

INAUGURAL ISSUE - OCTOBER 2003



ਹਿੰਦੂ ਭਗਤਾਂ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ 'ਚ ਆਦਰ ਸਹਿਤ ਭੇਟ

ਹਰੀਸ਼ਚੰਦਰ ਅਰੋੜਾ
ਪਦਮਨੀ ਅਰੋੜਾ

ISBN-81-900991-8-3

Publishers :
NOIDA NEWS PVT. LTD.
48, SHARDHANAND MARG
DELHI-110006
INDIA
Tele/Fax : 91-11-2-3219823
91-11-2-6474433

First Issue Oct. 2003

Price : Rs. 25/-

Printed at :
Tara Art Printers
NOIDA - INDIA

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥



ਸਤਿਕਾਰਯੋਗ ਸਾਧ ਸੰਗਤ ਜੀ,

ਸਤਿ ਸ੍ਰੀ ਅਕਾਲ !

ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ ਕਈ ਸਾਲਾਂ ਦੀ ਕੋਸ਼ਿਸ਼ ਉਪਰੰਤ ਪਹਿਲਾ ਅੰਕ ਛਪਕੇ ਤਿਆਰ ਹੋਇਆ ਹੈ। ਜੋ ਮੈਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਤੇ ਨਮਸਕਾਰ ਕਰਦਾ ਹੋਇਆ ਭੇਟ ਕਰ ਰਿਹਾ ਹਾਂ। ਇਹ ਸਾਖੀਆਂ ਇਕੱਠੀਆਂ ਕਰਨ ਲਈ ਸੱਚੇ ਪਾਤਸ਼ਾਹ ਜੀ ਦੇ ਹੁਕਮ ਨਾਲ ਮੈਂ ਦੋ ਵਾਰੀ ਬੈਂਕਾਕ ਗਿਆ। ਬੈਂਕਾਕ ਵਿਚ ਸੰਤ ਹਰਪਾਲ ਸਿੰਘ ਹੁਰਾਂ ਬਹੁਤ ਸਹਿਯੋਗ ਦਿਤਾ। ਸੰਨ 2001 ਵਿਚ ਮੈਂ ਅਮਰੀਕਾ ਵੀ ਗਿਆ। ਉਥੇ ਸੰਤ ਭੁਪਿੰਦਰ ਸਿੰਘ ਜੀ ਭੁਰਜੀ ਜੀ ਨੇ ਅਮਰੀਕਾ ਦੀ ਸਾਧ ਸੰਗਤ ਨਾਲ ਮੇਰਾ ਸੰਪਰਕ ਕਾਇਮ ਕਰਵਾ ਦਿਤਾ। ਇਸ ਤਰ੍ਹਾਂ ਭੁਰਜੀ ਜੀ ਨੇ ਮੇਰੀ ਜਿਗਿਆਸਾ ਇਸ ਕੰਮ ਨੂੰ ਕਰਨ ਵਾਸਤੇ ਹੋਰ ਵਧਾ ਦਿਤੀ। ਜਿਸ ਕਰਕੇ ਸਤਿਗੁਰੂ ਜੀ ਦੀ ਬਖ਼ਸ਼ਿਸ਼ ਸਦਕਾ ਸੰਨ 2002 ਵਿਚ ਇੰਗਲੈਂਡ ਦਾ ਵੀ ਦੌਰਾ ਕੀਤਾ। ਸੰਤ ਭੁਪਿੰਦਰ ਸਿੰਘ ਭੁਰਜੀ ਜੀ ਨੇ ਆਪਣੀ 1976 ਦੀ ਘਟਨਾ ਸੁਣਾਈ। ਭੁਰਜੀ ਜੀ ਉਨ੍ਹਾਂ ਦਿਨਾਂ ਵਿਚ ਸਤਿਗੁਰੂ ਜੀ ਦੇ ਨਿੱਜੀ ਸਕੱਤਰ ਵਜੋਂ ਸੇਵਾ ਵਿਚ ਸਨ। ਉਨ੍ਹਾਂ ਨੇ ਦੱਸਿਆ ਕਿ ਲੰਡਨ ਦੀ ਸਾਧ ਸੰਗਤ ਦੀ ਫਰਿਆਦ ਕਰਨ 'ਤੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਕਿਵੇਂ ਉਥੋਂ ਦੀ ਤਪਦੀ ਧਰਤੀ ਤੇ ਵਰਖਾ ਕਰਵਾਈ। ਉਥੋਂ ਦੀਆਂ ਅਖਬਾਰਾਂ ਨੇ ਸਤਿਗੁਰੂ ਜੀ ਨੂੰ "ਰੇਨੀ ਬਾਬਾ" ਲਿਖਕੇ ਇਸ ਘਟਨਾ ਦਾ ਵਿਸਥਾਰ ਨਾਲ ਵਰਨਣ ਕੀਤਾ ਸੀ।

ਲੰਡਨ ਵਿਖੇ ਰੰਧਾਵਾ ਜੀ ਨੇ ਵੀ ਇਹੋ ਸਾਖੀ ਸੁਣਾਈ ਕਿ ਕਿਸ ਤਰ੍ਹਾਂ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨਾਲ ਪੰਡਤ ਗੋਪਾਲ ਸਿੰਘ ਜੀ ਨੇ ਅਕਾਲ ਪੁਰਖ ਦੇ ਚਰਨਾਂ ਵਿਚ ਵਰਖਾ ਕਰਨ ਵਾਸਤੇ ਅਰਦਾਸ ਕੀਤੀ। ਅਰਦਾਸ ਕਰਨ ਉਪਰੰਤ ਕਿਵੇਂ ਘਟਾ ਛਾ ਗਈਆਂ ਅਤੇ ਵਰਖਾ ਦੀ ਫੁਹਾਰ ਉਪਰੰਤ ਰੱਜ ਕੇ ਵਰਖਾ ਹੋਈ। ਇਸ ਵਰਖਾ ਦਾ ਸਿਲਸਿਲਾ ਲਗਭਗ 15 ਦਿਨ ਤਕ ਜਾਰੀ ਰਿਹਾ। ਉਨ੍ਹਾਂ ਦਿਨਾਂ ਵਿਚ ਸਤਿਗੁਰੂ ਜੀ ਅਫਰੀਕਾ ਦੇ ਦੌਰੇ ਤੇ ਸਨ। ਸੋ ਇੰਗਲੈਂਡ ਦੀ ਸਾਧ ਸੰਗਤ ਨੇ ਅਫਰੀਕਾ ਫੋਨ 'ਤੇ ਸੱਚੇ ਪਾਤਸ਼ਾਹ ਜੀ ਨੂੰ ਅਰਜ ਕੀਤੀ ਕਿ ਹੁਣ ਵਰਖਾ ਦੀ ਲੋੜ ਨਹੀਂ - ਸੋ ਕ੍ਰਿਪਾ ਹੋ ਗਈ।

ਇੰਗਲੈਂਡ ਵਿਖੇ ਸਾਊਥ ਹਾਲ ਗੁਰਦੁਆਰੇ ਦੇ ਪ੍ਰਧਾਨ ਸੰਤ ਕੁਲਦੀਪ ਸਿੰਘ ਚਾਨਾ, ਇੰਗਲੈਂਡ ਦੀ ਨਾਮਧਾਰੀ ਸੰਗਤ ਦੇ ਪ੍ਰਧਾਨ ਸੰਤ ਸੁਲੱਖਣ ਸਿੰਘ, ਬਰਮਿੰਘਮ ਗੁਰਦੁਆਰੇ ਦੇ ਪ੍ਰਧਾਨ ਸੰਤ ਸੁਰਜੀਤ ਸਿੰਘ ਹੁਰਾਂ ਦਾ ਮੈਂ ਅਤਿ ਧੰਨਵਾਦੀ ਹਾਂ ਜੋ ਉਨ੍ਹਾਂ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਮੈਨੂੰ ਵਿਦੇਸ਼ ਵਿਚ ਬਹੁਤ ਸਹਿਯੋਗ ਦਿਤਾ। ਇਸ ਸਹਿਯੋਗ ਸਦਕਾ ਮੈਂ ਸਤਿਗੁਰੂ ਸਾਹਿਬਾਨ ਦੀਆਂ ਸਾਖੀਆਂ ਇਕੱਤਰ ਕਰਨ ਵਿਚ ਕੁੱਝ ਕਾਮਯਾਬੀ ਹਾਸਲ ਕਰ ਸਕਿਆ ਹਾਂ। ਸਤਿਗੁਰੂ ਜੀ ਦੇ ਨਿਜੀ ਸੇਵਕ ਸੰਤ ਰਛਪਾਲ ਸਿੰਘ ਹੁਰਾਂ ਦਾ ਮੈਂ ਅਤਿ ਧੰਨਵਾਦੀ ਹਾਂ ਜੋ ਉਹਨਾਂ ਵਿਦੇਸ਼ ਯਾਤਰਾ ਦੇ ਪ੍ਰਬੰਧ ਵਿਚ ਨਿਜੀ ਦਿਲਚਸਪੀ ਲੈਕੇ ਪੂਰਨ ਸਹਿਯੋਗ ਦਿਤਾ। ਇਹਨਾਂ ਸਾਖੀਆਂ ਦੀਆਂ ਟੇਪਾਂ ਨੂੰ ਬੜੀ ਮਿਹਨਤ ਨਾਲ ਸੁਣਕੇ ਬੀਬੀ ਦਰਸ਼ਨ ਕੌਰ ਨੇ ਬੜੀ ਸੂਝ-ਬੂਝ ਨਾਲ ਲਿਖਤੀ ਰੂਪ ਦਿਤਾ। ਸਰਬ ਸ਼ਕਤੀਮਾਨ ਸੰਪਾਦਕ ਵਰਤਮਾਨ ਹਿੰਦੁਸਤਾਨ ਨੇ ਸੰਪਾਦਨ ਦਾ ਕੰਮ ਸੰਭਾਲਿਆ। ਸੰਤ ਗੁਰਸੇਵ ਸਿੰਘ ਭੁਰਜੀ ਸਪੁੱਤਰ ਸੰਤ ਭੁਪਿੰਦਰ ਸਿੰਘ ਭੁਰਜੀ ਜੀ ਨੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਵਾਸਤੇ ਸਾਰੇ ਕਾਰਜ ਵਿਚ ਨਿਸ਼ਕਾਮ ਸੇਵਾ ਨਿਭਾਈ। ਇਹਨਾਂ ਸਭਨਾਂ ਦਾ ਮੈਂ ਅਤਿ ਧੰਨਵਾਦੀ ਹਾਂ। ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਮੈਂ ਕੋਟਨ ਕੋਟ ਧੰਨਵਾਦ ਕਰਦਾ ਹਾਂ ਜੋ ਉਹਨਾਂ ਸਭਨਾਂ ਪਾਸੋਂ ਆਪ ਹੀ ਸਾਰਾ ਕਾਰਜ ਕਰਵਾ ਲਿਆ ਹੈ।

ਸਾਧ ਸੰਗਤ ਜੀਓ, ਮੈਂ ਕੋਸ਼ਿਸ਼ ਕਰ ਰਿਹਾ ਹਾਂ, ਜੋ ਹਰ ਮਹੀਨੇ ਇਹਨਾਂ ਸਾਖੀਆਂ ਦਾ ਕੁੱਝ ਭਾਗ ਆਪ ਜੀ ਪਾਸ ਪਹੁੰਚ ਜਾਇਆ ਕਰੇ। ਆਪ ਇਹਨਾਂ ਸਾਖੀਆਂ ਬਾਰੇ ਆਪਣੇ ਮਨ ਦੇ ਭਾਵ ਭੇਜਣ ਦੀ ਕ੍ਰਿਪਾਲਤਾ ਕਰਨੀ ਤਾਕਿ ਮੈਂ ਇਸ ਕਾਰਜ ਵਾਸਤੇ ਹੋਰ ਉਤਸਾਹਿਤ ਹੋਵਾਂ। ਜਿਹੜੇ ਸੱਜਣ ਸਤਿਗੁਰੂ ਜੀ ਦੀਆਂ ਸਾਖੀਆਂ ਭੇਜਣ ਦੀ ਕ੍ਰਿਪਾਲਤਾ ਕਰਨਗੇ, ਮੈਂ ਉਹਨਾਂ ਦਾ ਧੰਨਵਾਦੀ ਹੋਵਾਂਗਾ।

- ਹਰੀਸ਼ਚੰਦਰ ਅਰੋੜਾ

ਅਲੌਕਿਕ ਕੌਤਕ

ALOKIK KAUTIK

October, 2003

ਤਤਕਰਾ

ਅਰਦਾਸ ਕਰਕੇ ਤੁਰੋ	–	ਸੰਤ ਸੁਲੱਖਣ ਸਿੰਘ ਜੀ (ਯੂ.ਕੇ.)	3
ਇੰਗਲੈਂਡ ਵਿਖੇ ਬਾਰਸ਼ ਪੁਵਾਈ	–	ਪੰਡਤ ਗੋਪਾਲ ਸਿੰਘ ਜੀ	4
ਦੀਨ ਦਰਦ ਨਿਵਾਰ ਸਤਿਗੁਰ	–	ਸੰਤ ਮਹਿੰਦਰ ਸਿੰਘ ਜੀ ਪੂਰਬਾ	6
ਆਪਣੇ ਸੇਵਕ ਕੀ ਸਰਪਰ ਰਾਖੈ	–	ਸੰਤ ਗਿਆਨ ਸਿੰਘ ਜੀ ਹੰਸਪਾਲ	8
ਕੰਨ ਵਿਚ ਫੂਕ ਮਾਰਕੇ ਸੰਕਟ ਟਾਲਿਆ	–	ਸ੍ਰੀ ਤਰਸੇਮ ਚੰਦ ਜੀ ਅਗਰਵਾਲ	9
ਸਤਿਗੁਰੂ ਸਿਖ ਕੀ ਕਰੇ ਪ੍ਰਿਤਪਾਲ	–	ਸੰਤ ਭੁਪਿੰਦਰ ਸਿੰਘ ਜੀ ਭੁਰਜੀ	13
ਸਪੁੱਤਰ ਦੀ ਦਾਤ	–	ਸੰਤ ਇਕਬਾਲ ਸਿੰਘ ਜੀ ਮਨਚੰਦਾ (ਬੈਂਕਾਕ)	17
ਜ਼ਹਿਰ ਤੋਂ ਬਚਾਇਆ	–	ਮਾਸਟਰ ਨਿਹਾਲ ਸਿੰਘ ਜੀ	20
ਗੋਰੇ ਸਾਰਜੈਂਟ ਨੂੰ ਜੰਗਲ ਵਿਚ ਦਰਸ਼ਨ ਦਿਤੇ	–	ਗਿਆਨੀ ਤੇਜਾ ਸਿੰਘ ਜੀ	22
ਜਾਕੋ ਰਾਖੇ ਸਾਈਆਂ	–	ਬੀਬੀ ਨਰਿੰਦਰ ਕੌਰ ਜੀ	25
ਉਚ ਅਪਾਰ ਬੇਅੰਤ ਸੁਆਮੀ ਕੀ ਜਾਣਾ ਗੁਣ ਤੇਰੇ	–	ਮਾਤਾ ਸਵਰਨ ਕੌਰ ਜੀ	29
ਪੂਰਨ ਪ੍ਰਵਾਰ ਦੀ ਬਖ਼ਸ਼ਿਸ਼		ਬੀਬੀ ਨਰਜੀਤ ਕੌਰ ਜੀ ਤੇ ਬੀਬੀ ਪ੍ਰੇਮ ਮਾਲਾ ਜੀ	31

ਅਰਦਾਸ ਕਰਕੇ ਤੁਰੋ

ਸੰਤ ਸੁਲੱਖਣ ਸਿੰਘ (ਯੂ.ਕੇ.)

ਸੰਤ ਸੁਲੱਖਣ ਸਿੰਘ ਜੀ ਨਾਮਧਾਰੀ ਸੰਗਤ ਇੰਗਲੈਂਡ ਦੇ ਪ੍ਰਧਾਨ ਹਨ। ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਸ਼ਰਧਾਵਾਨ ਨਾਮਧਾਰੀ ਨੌਜਵਾਨ ਹਨ। ਆਪਣੀ ਮਿੱਠੀ ਬੋਲੀ ਨਾਲ ਹੀ ਸਾਰੀ ਸੰਗਤ ਦਾ ਮਨ ਬਣਾਈ ਰੱਖਦੇ ਹਨ। ਨਾਮਧਾਰੀ ਇਤਿਹਾਸ ਸਤਿਗੁਰੂ ਜੀ ਦੀਆਂ ਬਖ਼ਸ਼ਿਸ਼ਾਂ ਪ੍ਰਤੀ ਹਰ ਵਕਤ ਦੂਜੇ ਖੁਲ੍ਹੇ ਲੋਕਾਂ ਨੂੰ ਜਾਣੂ ਕਰਵਾਉਣ ਹਿਤ ਤਿਆਰ-ਬਰ-ਤਿਆਰ ਰਹਿੰਦੇ ਹਨ। ਸੁਲੱਖਣ ਸਿੰਘ ਜੀ ਨੂੰ ਜਦੋਂ ਮੈਂ ਮਿਲਿਆ ਤਾਂ ਉਹਨਾਂ ਨੇ ਸ੍ਰੀ ਸਤਿਗੁਰੂ ਜੀ ਬਾਰੇ ਦੱਸਦਿਆਂ ਕੁੱਝ ਬਚਨ ਕੀਤੇ ਜੋ ਇਸ ਤਰ੍ਹਾਂ ਹਨ :

ਉਹਨਾਂ ਦੱਸਿਆ ਕਿ ਉਹ ਰਾਗ ਸਿੱਖਣ ਲਈ ਲੰਡਨ ਜਾਂਦੇ ਸਨ। ਉਹ ਗਰੀਵਜ਼ਲੈਂਡ ਵਿਖੇ ਰਹਿੰਦੇ ਹਨ। ਉਹਨਾਂ ਦੇ ਘਰੋਂ ਲੰਡਨ ਦਾ ਕਾਫੀ ਫਾਸਲਾ ਹੈ। ਉਹ ਹਰ ਹਫਤੇ ਉਥੋਂ ਲੰਡਨ ਜਾਕੇ ਰਾਗ ਸਿੱਖਕੇ ਵਾਪਸ ਆਉਂਦੇ ਸਨ। ''ਅਰਦਾਸ'' ਦਾ ਸ਼ੁਰੂ ਤੋਂ ਹੀ ਗੁਰਸਿੱਖੀ ਵਿਚ ਬੜਾ ਮਹੱਤਵ ਰਿਹਾ ਹੈ। ਅਰਦਾਸ ਨੂੰ ਬਹੁਤ ਮੰਨਦੇ ਹਨ। ਸਤਿਗੁਰੂ ਜੀ ਵੀ ਇਹੀ ਹੁਕਮ ਕਰਦੇ ਹਨ - ''ਜਦੋਂ ਵੀ ਕਿਤੇ ਜਾਣਾ ਹੋਵੇ, ਘਰੋਂ ਅਰਦਾਸ ਕਰਕੇ ਤੁਰੋ ਤਾਕਿ ਸਤਿਗੁਰੂ ਹਰ ਵਕਤ ਤੁਹਾਡੇ ਅੰਗ-ਸੰਗ ਰਹੇ। ਸੋ ਇਸੇ ਭਾਵਨਾ ਨਾਲ ਸੰਤ ਸੁਲੱਖਣ ਸਿੰਘ ਜੀ ਘਰੋਂ ਅਰਦਾਸ ਕਰਕੇ ਤੁਰੇ। ਜਦੋਂ ਉਹ ਲੰਡਨ ਤੋਂ ਘਰ ਵਾਪਸ ਆ ਰਹੇ ਸਨ ਤਾਂ ਸੜਕ ਦੀ ਮਿਡਲ ਵਾਲੀ ਲੇਨ ਵਿਚ ਇਹ ਕੋਈ ਸੱਤਰ ਕਿ.ਮੀ. ਦੀ ਸਪੀਡ 'ਤੇ ਆਪਣੀ ਕਾਰ ਚਲਾ ਰਹੇ ਸਨ। ਆਲੇ-ਦੁਆਲਿਓਂ ਬੜੀਆਂ ਗੱਡੀਆਂ ਲੰਘ ਰਹੀਆਂ ਸਨ। ਜਦੋਂ ਇਹ ਅੱਠ-ਨੌਂ ਮੀਲ ਗਰੀਵਜ਼ਲੈਂਡ ਤੋਂ ਅੱਗੇ ਆਏ ਤਾਂ ਅਚਾਨਕ ਕਿਸੇ ਡਰਾਈਵਰ ਨੇ ਉਹਨਾਂ ਦੇ ਖੱਬੇ ਪਾਸਿਓਂ ਛੇਤੀ ਨਾਲ ਉਹਨਾਂ ਦੀ ਗੱਡੀ ਦੇ ਅੱਗੋਂ ਦੀ ਆਪਣੀ ਗੱਡੀ ਘੁਮਾਈ ਤੇ ਇਹਨਾਂ ਦੀ ਕਾਰ ਦੇ ਅੱਗੇ ਕਰ ਦਿਤੀ। ਕਿਉਂਕਿ ਇਹਨਾਂ ਦੀ ਕਾਰ 70 ਕਿ.ਮੀ ਦੀ ਸਪੀਡ ਤੇ ਸੀ। ਇਸ ਕਰਕੇ ਇਹਨਾਂ ਦੀ ਗੱਡੀ ਨੇ ਤਿੰਨ ਚਾਰ ਵੱਲ ਖਾਧੇ ਤੇ ਲੇਨ ਤੋਂ ਸੱਜੇ ਪਾਸੇ ਉਲਟ ਮੂੰਹ ਕਰਕੇ ਰੁੱਕ ਗਈ। ਗੱਡੀ ਨੂੰ ਮਾੜੀ ਮੋਟੀ ਖਰੋਚ ਆਈ। ਸੌ ਕੁ ਪੌਂਡ ਵਿਚ ਗੱਡੀ ਠੀਕ ਹੋ ਗਈ। ਪਰ ਸੁਲੱਖਣ ਸਿੰਘ ਹੁਰੀਂ ਬਿਲਕੁਲ ਵਾਲ-ਵਾਲ ਬਚ ਗਏ। ਪੁਲਿਸ ਆਈ ਉਲਟੇ ਪਾਸੇ ਗੱਡੀ ਖੜ੍ਹੀ ਵੇਖੀ। ਪੁਲਿਸ ਵਾਲਿਆਂ ਨੇ ਹਾਈਵੇ ਦਾ ਸਾਰਾ ਟਰੇਫਿਕ ਰੋਕ ਕੇ ਗੱਡੀ ਘੁਮਾ ਕੇ ਫਿਰ ਉਸੇ ਲੇਨ ਤੇ ਲਿਆ ਖੜ੍ਹੀ ਕੀਤੀ। ਸੁਲੱਖਣ ਸਿੰਘ ਜੀ ਰਾਜੀ ਖੁਸ਼ੀ ਘਰ ਆਪਣੇ ਜੀਆਂ ਵਿਚ ਪਹੁੰਚ ਗਏ। ਉਹ ਮੰਨਦੇ ਹਨ ਕਿ ਇਹ ਉਸ ਅਰਦਾਸ ਦਾ ਚਮਤਕਾਰ ਹੈ, ਜਿਸ ਬਾਰੇ ਸ੍ਰੀ ਗ੍ਰੰਥ ਸਾਹਿਬ ਵਿਚ ਲਿਖਿਆ ਹੈ - ''ਬਿਰਥਾ ਕਦੇ ਨ ਹੋਵਈ ਜਨ ਕੀ ਅਰਦਾਸ।''

ਦੂਜੀ ਸਾਖੀ :-

ਸੰਤ ਗੁਰਦਿਆਲ ਸਿੰਘ ਦੇ ਸਪੁੱਤਰ ਸਵਰਨ ਸਿੰਘ ਦਾ ਆਨੰਦ ਕਾਰਜ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੀ ਹੋਇਆ ਸੀ। ਦਸ ਸਾਲ ਹੋ ਗਏ ਸਨ, ਕੋਈ ਸੰਤਾਨ ਨਹੀਂ ਸੀ। ਸੱਚੇ ਪਾਤਸ਼ਾਹ ਜੀ ਨੇ ਸ੍ਰੀ ਜੀਵਨ ਨਗਰ ਦਰਸ਼ਨ ਦਿਤੇ। ਕੀਰਤਨ ਹੋ ਰਿਹਾ ਸੀ। ਸ਼ਬਦ ਕੀਰਤਨ ਦੇ ਇਕ ਇਕ ਸ਼ਬਦ ਵਿਚ ਭਗਵਾਨ ਆਪ ਸੁਭਾਏਮਾਨ ਹੁੰਦੇ ਪ੍ਰਤੀਤ ਹੋ ਰਹੇ ਸਨ। ਕੀਰਤਨ ਦੀ ਸਮਾਪਤੀ ਹੋਈ ਤਾਂ ਸੱਚੇ ਪਾਤਸ਼ਾਹ ਜੀ ਨੇ ਸਾਧ ਸੰਗਤ ਨੂੰ ਕਿਸੇ ਹੋਰ ਥਾਂ ਤੇ ਜਾਣ ਦਾ ਹੁਕਮ ਦਿੰਦਿਆਂ ਬਚਨ ਕੀਤਾ - ''ਸਾਰੀ ਸਾਧ ਸੰਗਤ ਦੂਜੀ ਜਗ੍ਹਾ ਜਾਓ। ਅਗਰ ਇਥੇ ਕੁੱਝ ਨਹੀ ਮਿਲਿਆ ਤਾਂ ਉਥੇ ਸਭ ਕੁੱਝ ਮਿਲੇਗਾ।'' ਇਸ ਤੇ ਕੁੱਝ ਸਿੱਖਾਂ ਨੇ ਸਵਰਨ ਸਿੰਘ ਨੂੰ ਸਲਾਹ ਦਿਤੀ ਕਿ ਉਹ ਸੱਚੇ ਪਾਤਸ਼ਾਹ ਜੀ ਦੇ ਹੁਕਮ ਮੁਤਾਬਕ ਉਸ ਜਗ੍ਹਾਂ ਜਾਣ ਜਿਥੇ ਸਾਰੀ ਸਾਧ ਸੰਗਤ ਨੂੰ ਹੁਕਮ ਹੋਇਆ ਹੈ, ਤੇ ਜਾਕੇ ਅਰਜ ਕਰਨ। ਇੰਜ ਹੀ ਹੋਇਆ। ਸਵਰਨ ਸਿੰਘ ਦੀ ਘਰ ਵਾਲੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਦੂਜੀ ਜਗ੍ਹਾਂ ਤੇ ਜਾਕੇ ਬੇਨਤੀ ਕੀਤੀ - ''ਹੇ ਪ੍ਰਭੂ ਨਿਆਸਰਿਆਂ ਦੇ ਆਸਰੇ, ਗ੍ਰੀਬ ਨਿਵਾਜ ਜੀਓ, ਕ੍ਰਿਪਾ ਕਰੋ ਜੀ, ਦਸ ਸਾਲ ਹੋ ਗਏ ਹਨ ਕੋਈ ਸੰਤਾਨ ਨਹੀਂ ਹੈ ਜੀ।'' ਸ੍ਰੀ ਸਤਿਗੁਰੂ ਜੀ ਅਰਦਾਸ ਸੁਣ ਲਈ ਤੇ ਹੁਕਮ ਹੋ ਗਿਆ - ''ਇਕ ਮਾਲਾ ਭਗਉਤੀ ਦੀ ਤੇ ਇਕ ਮਾਲਾ ਭਜਨ ਦੀ ਕਰੋ ਹਰ ਰੋਜ਼, ਸੰਤਾਨ ਜ਼ਰੂਰ ਹੋਵੇਗੀ।''

ਬਸ ਫਿਰ ਕੀ ਸੀ - ਸੱਚੇ ਪਾਤਸ਼ਾਹ ਜੀ ਦੇ ਮੁਖਾਰਬਿੰਦ ਤੋਂ ਨਿਕਲਿਆ ਬਚਨ ਕਿਵੇਂ ਨਾ ਪੂਰਾ ਹੁੰਦਾ ? ਸਵਰਨ ਸਿੰਘ ਦੇ ਘਰ ਚਾਰ ਪੁੱਤਰ ਪੈਦਾ ਹੋਏ। ਮਨ ਦਾ ਸਾਰਾ ਕਸ਼ਟ ਜਾਂਦਾ ਰਿਹਾ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਸਾਰੀਆਂ ਇੱਛਾਵਾਂ ਪੂਰੀਆਂ ਕਰ ਦਿਤੀਆਂ। ਸਾਰੇ ਕੰਮ ਸੰਪੂਰਨ ਹੋ ਗਏ। ਮਨ ਦੀ ਕਿਆਰੀ ਖਿੜ ਗਈ। ਸੁਗੰਧਤ ਫੁੱਲ ਆਪਣੀ ਮਧੁਰ ਸੁਗੰਧ ਖਿਲਾਰਨ ਲੱਗੇ। ਸੰਤ ਜੀ ਦਾ ਜੀਵਨ ਧੰਨ ਹੋ ਗਿਆ।

ਨਾ ਵਿਦਿਆ ਨਾ ਬਾਹੂਬਲ, ਨਾ ਹੀ ਗੰਠ ਮੇ ਦਾਮ ।
ਤੁਲਸੀ ਐਸੇ ਦੀਨ ਕੋ ਪਾਰ ਕਰੇਂ ਸ੍ਰੀ ਰਾਮ ॥

ਇੰਗਲੈਂਡ ਵਿਖੇ ਬਾਰਸ਼ ਪੁਵਾਈ

– ਪੰਡਤ ਗੋਪਾਲ ਸਿੰਘ ਜੀ

ਪੰਡਤ ਗੋਪਾਲ ਸਿੰਘ ਜੀ ਨੂੰ ਹਰ ਨਾਮਧਾਰੀ ਪ੍ਰਵਾਰ ਜਾਣਦਾ ਹੈ। ਪੰਡਤ ਜੀ ਨਾਮਧਾਰੀ ਪੰਥ ਦੀ ਨਾਮਵਰ ਹਸਤੀ ਹਨ। ਇਹਨਾਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਤੋਂ ਦੇਸ਼ ਵਿਦੇਸ਼ ਵਿਚ ਜਾਕੇ ਬੜੇ ਦੀਵਾਨ ਸਜਾਏ। ਅਨੇਕਾਂ ਹੀ ਲੋਕਾਂ ਨੂੰ ਹਰੀ-ਜੱਸ ਸੁਣਾਕੇ ਨਾਮਧਾਰੀ ਬਣਾਇਆ। ਮਾਸ-ਸ਼ਰਾਬ ਛੁਡਾਕੇ ਲੋਕਾਂ ਨੂੰ ਭਜਨ-ਬਾਣੀ ਵੱਲ ਲਾਇਆ। ਲੋਹੇ ਤੋਂ ਸੋਨਾ ਬਣਾਉਣ ਦਾ ਕੰਮ ਪਾਰਸ ਦਾ ਹੁੰਦਾ ਹੈ ਸੋ ਇਹ ਨਾਮਧਾਰੀ ਪੰਥ ਦੇ ਪਾਰਸ-ਵਟੀ ਹਨ। ਜਿਹਨਾਂ ਦੀ ਛੂਹ ਨੇ ਹਜ਼ਾਰਾਂ ਹੀ ਲੋਕਾਂ ਨੂੰ ਦੈਤਾਂ ਤੋਂ ਦੇਵਤੇ ਬਣਾਇਆ। ਇਹਨਾਂ ਦੀ ਸਿਫਤ ਜਿੰਨੀ ਵੀ ਕੀਤੀ ਜਾਵੇ ਥੋੜ੍ਹੀ ਹੈ। ਇਹਨਾਂ ਬਚਪਨ ਤੋਂ ਹੀ ਸੱਚ ਨੂੰ ਪਛਾਣਿਆ। ਸੱਚ ਨੂੰ ਪਛਾਣਦੇ ਹੋਏ ਬ੍ਰਾਹਮਣ ਪ੍ਰਵਾਰ ਨਾਲ ਸਬੰਧ ਰਖਦੇ ਹੋਏ ਉਸ ਅਕਾਲ ਪੁਰਖ ਸ੍ਰੀ ਰਾਮ ਚੰਦਰ ਜੀ, ਸ੍ਰੀ ਕ੍ਰਿਸ਼ਨ ਜੀ ਤੇ ਫਿਰ ਕਲਜੁਗ ਦੇ ਅਵਤਾਰ ਗੁਰੂ ਨਾਨਕ ਦੇਵ ਜੀ ਦੀ ਅਸਲੀ ਗੱਦੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਗੱਦੀ ਨੂੰ ਪਛਾਣਿਆ। ਇਸ ਗੱਦੀ ਨਾਲ ਐਸਾ ਜੁੜੇ ਕਿ ਦਾੜ੍ਹੀ ਕੇਸ ਰੱਖਕੇ, ਨਾਮਧਾਰੀ ਬਸਤਰ ਪਾਕੇ, ਸੁੱਚ ਸੋਧ ਦੇ ਧਾਰਨੀ ਹੋਕੇ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਤੇ ਹੁਣ ਸਤਿਗੁਰ ਜਗਜੀਤ ਸਿੰਘ ਜੀ ਦੇ ਚਰਨਾਂ ਨਾਲ ਜੁੜੇ ਹੋਏ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਫਰੀਕਾ ਚਾਰੇ ਦੌਰਿਆਂ ਸਮੇਂ ਉਹਨਾਂ ਦੇ ਨਾਲ ਰਹੇ ਤੇ ਫਿਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਲ। ਗੱਲ ਕੀ ਸਾਰੀ ਉਮਰ ਹੀ ਘਰ-ਬਾਰ ਤਿਆਗ ਕੇ ਪੰਥਕ ਪ੍ਰਚਾਰ ਵਿਚ ਜੁੱਟੇ ਰਹੇ। ਹੁਣ ਸ੍ਰੀ ਭੈਣੀ ਸਾਹਿਬ ਹੀ ਰਹਿੰਦੇ ਹਨ। ਘਰ ਵਿਚ ਦਾਤੇ ਦੀ ਮਿਹਰ ਹੈ। ਬੱਚੇ ਹਨ, ਖੁਸ਼ਹਾਲੀ ਹੈ। ਪਰ ਸ੍ਰੀ ਸਤਿਗੁਰੂ ਜੀ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਸ੍ਰੀ ਭੈਣੀ ਸਾਹਿਬ ਹੀ ਨਿਵਾਸ ਰੱਖਦੇ ਹਨ ਤੇ ਪੂਰਨ ਸੁੱਖ ਅਨੁਭਵ ਕਰਦੇ ਹਨ।

ਪੰਡਤ ਜੀ 1976 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਲ ਲੰਡਨ ਗਏ। ਉਥੇ ਗਰਮੀ ਬਹੁਤ ਪੈ ਰਹੀ ਸੀ, ਪਾਣੀ ਦਾ ਨਾਮ ਨਹੀਂ ਸੀ। ਬਾਰਿਸ ਦਾ ਪਾਣੀ ਹੀ ਹੁੰਦਾ ਹੈ ਉਥੇ। ਬਾਰਿਸ ਬਿਲਕੁਲ ਹੀ ਨਹੀਂ ਪੈ ਰਹੀ ਸੀ, ਲੋਕੀ ਬਹੁਤ ਤੰਗ ਸਨ। ਇੰਗਲੈਂਡ ਵਿਖੇ ਸਤਿਗੁਰੂ ਜੀ ਨੇ ਕਿਵੇਂ ਬਾਰਸ ਪੁਆਉਣ ਦੀ ਕ੍ਰਿਪਾ ਕੀਤੀ, ਉਸ ਬਾਰੇ ਪੰਡਤ ਜੀ ਇਉਂ ਦੱਸਦੇ ਹਨ :

ਪੰਡਤ ਜੀ ਸ੍ਰੀ ਸਤਿਗੁਰੂ ਜੀ ਨਾਲ ਲੰਡਨ ਗਏ। ਲੰਡਨ ਰਹਿੰਦੇ ਨਾਮਧਾਰੀਆਂ ਦੇ ਫੋਨ ਪਹਿਲਾਂ ਵੀ ਸ੍ਰੀ ਭੈਣੀ ਸਾਹਿਬ ਆ ਰਹੇ ਸਨ ਕਿ "ਪਾਤਸ਼ਾਹ ਜੀ ਇੰਗਲੈਂਡ ਵਿਖੇ ਦਰਸ਼ਨ ਦੇਕੇ ਇਥੋਂ ਦੀ ਜਨਤਾ ਨੂੰ ਕ੍ਰਿਤਾਰਥ ਕਰੋ। ਅਰਜ ਪ੍ਰਵਾਨ ਕਰਕੇ ਪਾਤਸ਼ਾਹ ਜੀ ਲੰਡਨ ਗਏ। ਜਾਣਾ ਤਾਂ ਪੈਣਾ ਹੀ ਸੀ ਕਿਉਂਕਿ ਉਥੋਂ ਦੀ ਧਰਤੀ ਪਾਣੀ ਬਿਨਾ ਤੰਗ ਆਕੇ ਗਰੀਬ ਨਿਵਾਜ ਜੀ ਦੇ ਚਰਨਾਂ ਵਿਚ ਪੁਕਾਰ ਕਰ ਰਹੀ ਸੀ। ਕਲਜੁਗ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਨੇ ਵੀ ਜਦੋਂ ਸੁਣਿਆ ਕਿ ਵਲੀ ਕੰਧਾਰੀ ਲੋਕਾਂ ਨੂੰ ਪਾਣੀ ਨਹੀਂ ਸੀ ਦੇ ਰਿਹਾ ਤਾਂ ਗੁਰੂ ਨਾਨਕ ਦੇਵ ਜੀ ਨੇ ਆਪ ਕ੍ਰਿਪਾ ਕੀਤੀ ਤੇ ਉਸ ਪਹਾੜੀ ਹੇਠਾਂ ਜਾ ਦਰਸ਼ਨ ਦਿਤੇ, ਜਿਸ ਉਪਰ ਵਲੀ ਕੰਧਾਰੀ ਰਹਿੰਦਾ ਸੀ। ਮਰਦਾਨੇ ਦੀ ਪਿਆਸ ਬੁਝਾਉਣਾ ਤਾਂ ਇਕ ਬਹਾਨਾ ਸੀ। ਉਹਨਾਂ ਨੇ ਪਤਾ ਨਹੀਂ ਕਿੰਨੇ ਜੀਵਾਂ ਦੀ ਪਿਆਸ ਬੁਝਾਉਣੀ ਸੀ। ਇਸ ਕਰਕੇ ਉਥੇ ਜਾਕੇ ਕ੍ਰਿਪਾ ਕੀਤੀ ਤੇ ਪਾਣੀ ਬਿਨਾ ਤੜਪ ਰਹੇ ਲੋਕਾਂ ਦੀ ਪਿਆਸ ਬੁਝਾਈ।

ਏਸੇ ਤਰ੍ਹ ਇੰਗਲੈਂਡ ਦੀ ਧਰਤੀ ਦੀ ਪੁਕਾਰ ਸੁਣਕੇ ਗਰੀਬ ਨਿਵਾਜ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਵਾਰਸ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇੰਗਲੈਂਡ ਦਾ ਦੌਰਾ ਕੀਤਾ। ਉਥੇ ਮਾਂਗਟ ਹਾਲ ਵਿਚ ਪਹਿਲਾਂ ਵੀ ਕਈ ਸੰਤਾਂ ਨੇ ਦੀਵਾਨ ਸਜਾਏ ਸਨ ਤਾਕਿ ਮੀਂਹ ਪੈ ਜਾਵੇ। ਪਰ ਕੋਈ ਗਲ ਨਾ ਬਣੀ। ਉਥੋਂ ਦੇ ਪ੍ਰਬੰਧਕਾਂ ਨੇ ਪਹਿਲਾਂ ਹੀ ਸਤਿਗੁਰੂ ਜੀ ਦੀ ਫੋਟੋ ਟੈਲੀਵਿਜਨ ਤੇ ਵਿਖਾਕੇ ਇਹ ਐਲਾਨ ਕਰਵਾ ਦਿਤਾ ਕਿ ਇੰਡੀਆ (ਭਾਰਤ) ਤੋਂ ਨਾਮਧਾਰੀਆਂ ਦੇ ਗੁਰੂ ਆ ਰਹੇ ਹਨ ਤੇ ਉਹ ਮੀਂਹ ਪੁਆਉਣਗੇ। ਉਹਨਾਂ ਦੇ ਦਿਮਾਗ ਵਿਚ ਇਹ ਵੀ ਸੀ ਕਿ ਅੱਗੇ ਵੀ ਏਡੇ ਏਡੇ ਮਹਾਪੁਰਸ਼ਾਂ ਨੇ ਜੋਰ ਲਾ ਲਿਆ ਹੈ ਤੇ ਮੀਂਹ ਨਹੀਂ ਪਿਆ ਤੇ ਇਹ ਵੀ ਆਪੇ ਦੀਵਾਨ ਲਾਕੇ ਬਹਿ ਜਾਣਗੇ। ਇਹ ਨਾਮਧਾਰੀ ਜਿਹੜੇ ਗੁਰੂ-ਗੁਰੂ ਕਰਦੇ ਫਿਰਦੇ ਨੇ, ਇਹਨਾਂ ਦੀ ਆਪੇ ਹੀ ਬੇਇੱਜਤੀ ਹੋ ਜਾਵੇਗੀ। ਪਰ ਉਹ ਵਿਚਾਰੇ ਕੀ ਜਾਣਦੇ ਸਨ ਕਿ ਇਹ ਤਾਂ ਅਕਾਲ ਪੁਰਖ ਆਪ ਦੇਹ ਧਾਰਕੇ ਦੁੱਖ-ਦਰਦ ਦੂਰ ਕਰਨ ਲਈ ਜੀਵਾਂ ਦੇ ਕਲਿਆਣ ਹਿੱਤ ਹੀ ਤਾਂ ਪ੍ਰਗਟ ਹੋਇਆ ਹੈ।

ਸ੍ਰੀ ਸਤਿਗੁਰ ਜਗਜੀਤ ਸਿੰਘ ਜੀ ਨੇ ਮਾਂਗਟ ਹਾਲ ਵਿਚ ਦਰਸ਼ਨ ਦਿਤੇ। ਦੀਵਾਨ ਸਜਾਇਆ, ਦੀਵਾਨ ਦੀ ਸਮਾਪਤੀ ਉਪਰੰਤ ਪੰਥ ਦੇ ਕੁੱਝ ਕੁ ਮੋਹਰੀ ਤੇ ਕੁੱਝ ਅੰਗ੍ਰੇਜ

ਸਤਿਗੁਰੂ ਸਨਮੁੱਖ ਆਣ ਕੇ ਬੇਨਤੀ ਕਰਨ ਲੱਗੇ - "ਹੇ ਗਰੀਬ ਨਿਵਾਜ, ਜਿਵੇਂ ਵੀ ਹੋਵੇ ਕ੍ਰਿਪਾ ਕਰੋ ਤੇ ਮੀਂਹ ਪੁਆਓ ਜੀ।"

ਪਾਤਸ਼ਾਹ ਜੀ ਨੇ ਪਹਿਲਾਂ ਤਾਂ ਕਿਹਾ, "ਮੈਂ ਕੌਣ ਹਾਂ ਮੀਂਹ ਪੁਆਉਣ ਵਾਲਾ।" ਕਿਉਂਕਿ ਪਾਤਸ਼ਾਹ ਜੀ ਕਦੇ ਵੀ ਆਪਣਾ ਆਪ ਜਤਾਉਂਦੇ ਨਹੀਂ। ਦੁਬਾਰਾ ਅਰਜ ਕਰਨ ਤੇ ਸਤਿਗੁਰਾਂ ਕਿਹਾ, ਅੱਛਾ, ਸਵੇਰੇ ਅਰਦਾਸ ਕਰਾਂਗੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ। ਸੱਚੇ ਪਾਤਸ਼ਾਹ ਜੀ ਕ੍ਰਿਪਾ ਕਰਨਗੇ ਤਾਂ ਮੀਂਹ ਪੈ ਜਾਵੇਗਾ।"

ਸਵੇਰ ਹੋਈ। ਆਸਾ ਜੀ ਦੀ ਵਾਰ ਦਾ ਭੋਗ ਪਿਆ। ਪੰਡਤ ਗੋਪਾਲ ਸਿੰਘ ਜੀ ਨੂੰ ਹੁਕਮ ਹੋਇਆ ਅਰਦਾਸ ਕਰਨ ਦਾ। ਪੰਡਤ ਜੀ ਨੇ ਅਰਦਾਸ ਕੀਤੀ - "ਹੇ ਅਕਾਲ ਪੁਰਖ ! ਹੇ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀਓ, ਆਪ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਬਾਰਿਸ਼ ਪਵੇ। ਆਪ ਜੀ ਕ੍ਰਿਪਾ ਕਰੋ। ਜੀਵਾਂ ਦੇ ਔਗੁਣ ਮੁਆਫ ਕਰਕੇ ਜੀਵਾਂ ਤੇ ਦਇਆ ਕਰੋ ਜੀ। ਜੀਅ-ਜੰਤ, ਪੇੜ-ਪੌਦੇ ਸਾਰੇ ਬਿਨਾ ਪਾਣੀ ਤੋਂ ਤੜਪ ਰਹੇ ਹਨ।"

ਅਰਦਾਸ ਸਵੇਰੇ ਸੱਤ ਵਜੇ ਦੇ ਕਰੀਬ ਹੋਈ। ਗਰੀਬ ਨਿਵਾਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਐਸੀ ਕ੍ਰਿਪਾ ਕੀਤੀ ਕਿ ਪੰਦਰਾਂ ਮਿੰਟ ਬਾਅਦ ਹੀ ਹਲਕੀਆਂ ਹਲਕੀਆਂ ਬੂੰਦਾਂ ਆਉਣੀਆਂ ਸ਼ੁਰੂ ਹੋ ਗਈਆਂ ਤੇ ਫਿਰ ਬਾਅਦ ਵਿਚ ਤਾਂ ਏਨਾ ਮੀਂਹ ਪਿਆ ਕਿ ਬੱਸ ਹੀ ਨਾ ਹੋਣ ਵਿਚ ਆਵੇ। ਇੰਦਰ ਦੇਵਤਾ ਤਾਂ ਜਿਵੇਂ ਸ੍ਰੀ ਸਤਿਗੁਰੂ ਜੀ ਦੇ ਹੁਕਮ ਵਿਚ ਹੱਥ ਬੰਨ੍ਹਕੇ ਆਣ ਖਲੋਤਾ ਸੀ। ਗੋਰੇ ਤਾਂ ਲਗ ਪਏ ਨੱਚਣ। ਪਾਤਸ਼ਾਹ ਜੀ ਨੂੰ Rain God, Rain Maker ਦੇ ਨਾਵਾਂ ਨਾਲ ਪੁਕਾਰਣ ਲਗ ਪਏ। ਟੈਲੀਵਿਜਨ ਦੇ ਹਰ ਚੈਨਲ ਤੇ ਹਰ ਅਖਬਾਰ ਵਿਚ ਸੁਰਖੀਆਂ ਆ ਗਈਆਂ ਕਿ ਇੰਡੀਆ ਤੋਂ ਨਾਮਧਾਰੀਆਂ ਦੇ ਗੁਰੂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮੀਂਹ ਪੁਆਉਣ ਲਈ ਹੀ ਲੰਡਨ ਆਏ ਹਨ। ਜਿਥੋਂ ਵੀ ਕੋਈ ਨਾਮਧਾਰੀ ਲੰਘੇ, ਗੋਰੇ ਉਸਨੂੰ ਵੇਖਕੇ ਕਹਿਣ, "ਇਹ ਮੀਂਹ ਪੁਆਉਣ ਵਾਲੇ ਹਨ।" ਧੰਨ ਹਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ, ਫੇਰ ਏਨਾ ਮੀਂਹ ਪਿਆ ਕਿ ਬੰਦ ਹੀ ਨਾ ਹੋਵੇ। ਵੀਹ-ਪੰਝੀ ਦਿਨ ਬਾਰਸ ਹੁੰਦੀ ਰਹੀ। ਦੁਬਾਰਾ ਗਰੀਬ ਨਿਵਾਜ ਪਾਸ ਅਰਜ ਕਰਨ ਲੱਗੇ ਕਿ ਹੁਣ ਮੀਂਹ ਬੰਦ ਕਰਾ ਦਿਓ ਜੀ। ਕਿਉਂਕਿ ਇੰਗਲੈਂਡ ਵਿਚ ਤਾਂ ਪਾਣੀ ਨਾਲ ਹੜ੍ਹ ਆ ਗਏ ਹਨ।

ਪਾਤਸ਼ਾਹ ਜੀ ਉਥੋਂ ਅਫਰੀਕਾ ਚਲੇ ਗਏ। ਕੁੱਝ ਪੱਤਰਕਾਰ ਸਤਿਗੁਰਾਂ ਪਾਸ ਆਏ ਤੇ ਕਹਿਣ ਲੱਗੇ ਕਿ "ਅਸਾਂ ਸੁਣਿਆ ਹੈ ਆਪ ਜੀ ਇੰਗਲੈਂਡ ਵਿਚ ਮੀਂਹ ਪੁਆ ਕੇ ਆਏ ਹੋ।"

"ਮੈਂ ਕੌਣ ਹਾਂ ਮੀਂਹ ਪੁਆਉਣ ਵਾਲਾ।" ਪਾਤਸ਼ਾਹ ਜੀ ਨੇ ਬੜੀ ਨਿਮਰਤਾ ਨਾਲ ਜੁਆਬ ਦਿਤਾ। ਉਹਨਾਂ ਦੇ ਬਚਨਾਂ ਵਿਚ ਕਿਸੇ ਕਿਸਮ ਦੀ ਵਡਿਆਈ ਦੀ ਬੋ ਨਹੀਂ ਸੀ। ਏਡੀ ਵੱਡੀ ਕ੍ਰਿਪਾ ਕਰਕੇ ਵੀ ਆਪਣੇ ਆਪ ਨੂੰ ਜਣਾਉਂਦੇ ਨਹੀਂ। ਇਹ ਅਕਾਲ ਪੁਰਖ ਦੀ ਹੀ ਕਾਰ ਹੈ ਇਸ ਤਰ੍ਹਾਂ ਸਤਿਗੁਰੂ ਜੀ ਨੇ ਉਹਨਾਂ ਦੀ ਅਰਦਾਸ ਸਵੀਕਾਰ ਕੀਤੀ ਤੇ ਆਪ ਜੀ ਦੀ ਰਜ਼ਾ ਅਨੁਸਾਰ ਹੀ ਮੀਂਹ ਬੰਦ ਹੋਇਆ। ਇੰਦਰ ਦੇਵਤਾ, ਅਗਨੀ ਦੇਵਤਾ, ਪਉਣ ਦੇਵਤਾ ਸਾਰੇ ਇਸਦੀ ਕਾਰ ਵਿਚ ਹਨ।

ਧੰਨ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ।

ਦੀਨ ਦਰਦ ਨਿਵਾਰ ਸਤਿਗੁਰ

– ਸੰਤ ਮਹਿੰਦਰ ਸਿੰਘ ਜੀ ਪੂਰਬਾ

ਮੈਂ ਲੰਡਨ ਹਸਪਤਾਲ ਵਿਚ ਡਾਕਟਰ ਮੁਸ਼ਰਫ ਅਲੀ ਮੂਸਾ ਨੂੰ ਮਿਲਿਆ। ਉਹਨਾਂ ਨੇ ਮੈਨੂੰ ਇਕ ਸਾਖੀ ਸੁਣਾਈ ਕਿ ਇਕ ਵਾਰ ਪੂਰਬਾ ਜੀ ਅਤੇ ਸ੍ਰੀ ਸਤਿਗੁਰੂ ਜੀ ਇਕੱਲੇ ਹੀ ਬੈਂਕਾਕ ਵਿਖੇ ਕਿਸੇ ਸਿੱਖ ਨੂੰ ਹਸਪਤਾਲ 'ਚ ਦਰਸ਼ਨ ਦੇਣ ਗਏ। ਮੈਨੂੰ ਵਿਸ਼ਵਾਸ ਨਹੀਂ ਸੀ ਹੋ ਰਿਹਾ। ਮੈਂ ਪੂਰਬਾ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਮਿਲਿਆ। ਉਹਨਾਂ ਦੀ ਰਸਨਾ ਤੋਂ ਮੈਂ ਇਹ ਸਾਖੀ ਫਿਰ ਸੁਣੀ ਤਾਂ ਪਤਾ ਲੱਗਿਆ ਕਿ ਗਰੀਬ ਨਿਵਾਜ ਜੀ ਕਿਵੇਂ ਸੇਵਕਾਂ ਦੇ ਦੁੱਖ ਹਰਨ ਲਈ ਉਹਨਾਂ ਨੂੰ ਦਰਸ਼ਨ ਦਿੰਦੇ ਹਨ। ਪੂਰਬਾ ਜੀ ਬਾਰੇ ਪਹਿਲਾਂ ਮੈਂ ਕੁੱਝ ਸ਼ਬਦਾਂ ਵਿਚ ਦੱਸ ਦਿਆਂ –

ਪੂਰਬਾ ਜੀ ਦਾ ਪੂਰਾ ਨਾਮ ਸੰਤ ਮਹਿੰਦਰ ਸਿੰਘ ਹੈ। ਪੂਰਬਾ ਉਸ ਪਿੰਡ ਦਾ ਨਾਮ ਹੈ ਜਿਥੋਂ ਦੇ ਇਹ ਜੰਮ ਪਲ ਹਨ। ਇਸ ਕਰਕੇ ਪਿੰਡ ਦੇ ਨਾਮ ਤੇ ਹੀ ਮਹਿੰਦਰ ਸਿੰਘ ਪੂਰਬਾ ਜਾਂ "ਪੂਰਬਾ ਜੀ" ਕਰਕੇ ਹੀ ਪ੍ਰਸਿਧ ਹੋ ਗਏ। ਇਹਨਾਂ ਬਾਰੇ ਮੈਂ ਲੰਮੀ ਸਾਖੀ ਫੇਰ ਦੱਸਾਂਗਾ। ਅਜੇ ਸਿਰਫ ਏਨਾ ਕੁ ਦੱਸ ਦਿਆਂ ਕਿ ਪੂਰਬਾ ਜੀ ਇਕ ਵਾਰੀ ਬਹੁਤ ਬੀਮਾਰ ਹੋ ਗਏ। ਇਥੋਂ ਤਕ ਕਿ ਉਨ੍ਹਾਂ ਦੇ ਬਚਣ ਦੀ ਆਸ ਤਾਂ ਇਕ ਪਾਸੇ – ਦੁਨਿਆਵੀ ਤੌਰ ਤੇ ਇਕ ਕਿਸਮ ਦੇ ਖਤਮ ਹੀ ਹੋ ਗਏ ਸਨ। ਪੂਰਬਾ ਜੀ ਨੇ ਅਰਦਾਸ ਕੀਤੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ। ਗਰੀਬ ਨਿਵਾਜ ਦੇਸ ਪ੍ਰਦੇਸ ਦੀ ਦੁਨੀਆਂ ਨੂੰ ਤਾਰਦੇ ਰਹੇ ਸਨ। ਅਰਦਾਸ ਸੀ – ਗਰੀਬ ਨਿਵਾਜ਼, ਮੇਰੀ ਰੱਖਿਆ ਕਰੋ ਤੇ ਮੈਨੂੰ ਜੀਵਨ ਦਾਨ ਬਖ਼ਸ਼ੋ ! ਉਸ ਵਕਤ ਉਮਰ ਅਜੇ ਸਿਰਫ ਸੋਲ੍ਹਾ ਸਤਾਰਾਂ ਸਾਲਾਂ ਦੀ ਸੀ।

ਅਰਦਾਸ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਪਹੁੰਚੀ ਤੇ ਪੂਰਬਾ ਜੀ ਬਿਲਕੁਲ ਰਾਜੀ ਹੋ ਗਏ। ਉਸ ਦਿਨ ਤੋਂ ਬਾਅਦ ਪੂਰਬਾ ਜੀ ਨੇ ਸਤਿਗੁਰੂ ਜੀ ਅੱਗੇ ਬੇਨਤੀ ਕੀਤੀ ਕਿ "ਗਰੀਬ ਨਿਵਾਜ ਜੀ ਜੇ ਮੈਨੂੰ ਹੁਕਮ ਹੋਵੇ ਤਾਂ ਮੈਂ ਆਪ ਜੀ ਦੇ ਚਰਨਾਂ ਵਿਚ ਰਹਿਕੇ ਅਰਦਾਸ ਕਰਦਾ ਰਹਾਂ।" ਸੋ ਪੂਰਬਾ ਜੀ ਨੂੰ ਹੁਣ ਤੀਹ–ਬੱਤੀ ਸਾਲ ਹੋ ਗਏ ਹਨ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅਰਦਾਸ ਕਰਦੇ ਹੋਏ।

ਪੂਰਬਾ ਜੀ ਨੇ ਬੈਂਕਾਕ ਵਿਖੇ ਹਸਪਤਾਲ ਪਏ ਕੁਲਦੀਪ ਸਿੰਘ ਨੂੰ ਦਰਸ਼ਨ ਦੇਣ ਦੀ ਕਥਾ ਇੰਜ ਸੁਣਾਈ :

ਪਾਤਸ਼ਾਹ ਜੀ ਨੇ ਦਿੱਲੀ ਦਰਸ਼ਨ ਦਿਤੇ। ਰਾਤ ਨੂੰ ਪੂਰਬਾ ਜੀ ਨੂੰ ਹੁਕਮ ਦਿਤਾ ਕਿ ਉਹ ਥੋੜ੍ਹਾ ਬਹੁਤ ਸਾਮਾਨ ਲੈਕੇ ਤਿਆਰ ਰਹੇ। ਸਿਰਫ ਪਾਤਸ਼ਾਹ ਜੀ ਤੇ ਪੂਰਬਾ ਜੀ ਨੇ ਇਕੱਲਿਆਂ ਹੀ ਬੈਂਕਾਕ ਜਾਣਾ ਸੀ। ਪੂਰਬਾ ਜੀ ਨੂੰ ਇਹ ਬਚਨ ਗੁਪਤ ਰੱਖਣ ਦਾ ਹੁਕਮ ਸੀ। ਕੋਠੀ ਅਮਰ ਸਿੰਘ ਚਾਵਲਾ ਜੀ ਨੂੰ ਵੀ ਮਿਲੇ। ਉਹਨਾਂ ਨੇ ਵੀ ਸਵੇਰੇ ਬੈਂਕਾਕ ਜਾਣਾ ਸੀ। ਉਨ੍ਹਾਂ ਨੂੰ ਵੀ ਨਾ ਦੱਸਿਆ। ਬੈਂਕਾਕ ਵਿਚ ਕੁਲਦੀਪ ਸਿੰਘ ਬਹੁਤ ਬਿਮਾਰ ਸੀ। ਹਸਪਤਾਲ ਪਿਆ ਤੜਪ ਰਿਹਾ ਸੀ। ਘੜੀਆਂ ਪਲਾਂ ਤੇ ਬੈਠਾ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਉਡੀਕ ਕਰ ਰਿਹਾ ਸੀ।

ਸਤਿਗੁਰੂ ਜਗਜੀਤ ਸਿੰਘ ਜੀ ਪੂਰਬਾ ਜੀ ਨੂੰ ਨਾਲ ਲੈਕੇ ਬੈਂਕਾਕ ਪਹੁੰਚੇ। ਉਥੇ ਸੁਰਿੰਦਰ ਸਿੰਘ ਮੈਟਾਡੋਰ ਦੇ ਕਹਿਣ ਮੁਤਾਬਕ ਪ੍ਰਿਥੀਪਾਲ ਸਿੰਘ ਨੂੰ ਫੋਨ ਤੇ ਕਿਹਾ ਕਿ ਉਹ ਗੱਡੀ ਲੈਕੇ "ਏਕਾ ਮਾਈ" ਦੇ ਮੋੜ ਤੇ ਇਕੱਲਾ ਹੀ ਆਵੇ ਬਿਨਾ ਕਿਸੇ ਨੂੰ ਦੱਸਿਆਂ, ਉਹ ਏਕਾ ਮਾਈ ਮੋੜ ਤੇ ਆ ਗਿਆ। ਪ੍ਰਿਥੀਪਾਲ ਸਿੰਘ ਖੰਡਪੁਰੀ ਸਤਿਗੁਰੂ ਦਾ ਬੜਾ ਸ਼ਰਧਾਲੂ ਸਿੱਖ ਹੈ। ਪਾਤਸ਼ਾਹ ਜੀ ਤੇ ਪੂਰਬਾ ਜੀ ਨੇ ਏਅਰਪੋਰਟ ਤੋਂ ਬਾਹਰ ਆਕੇ ਟੈਕਸੀ ਕੀਤੀ ਤੇ ਉਹ ਵੀ ਏਕਾ ਮਾਈ ਤੇ ਮੋੜ ਤੇ ਪਹੁੰਚ ਗਏ। ਉਥੇ ਪ੍ਰਿਥੀਪਾਲ ਸਿੰਘ ਗੱਡੀ ਲੈਕੇ ਖੜ੍ਹਾ ਸੀ। ਪਾਤਸ਼ਾਹ ਜੀ ਨੇ ਉਹਦੀ ਗੱਡੀ ਵਿਚ ਬੈਠਦਿਆਂ ਹੀ ਹੁਕਮ ਕੀਤਾ ਕਿ "ਉਹ ਉਹਨਾਂ ਨੂੰ ਉਸ ਹਸਪਤਾਲ ਲੈ ਜਾਵੇ, ਜਿਥੇ ਕੁਲਦੀਪ ਸਿੰਘ ਬਿਮਾਰ ਪਿਆ ਹੈ।"

ਪ੍ਰਿਥੀਪਾਲ ਸਿੰਘ ਪਾਤਸ਼ਾਹ ਜੀ ਨੂੰ ਉਸ ਹਸਪਤਾਲ ਵਿਚ ਲੈ ਗਿਆ, ਜਿਥੇ ਕੁਲਦੀਪ ਸਿੰਘ ਦਾਖਲ ਸੀ। ਲਿਫਟ ਰਾਹੀਂ ਹਸਪਤਾਲ ਦੀ ਦੂਜੀ ਮੰਜ਼ਲ ਤੇ ਪਹੁੰਚੇ। ਕੁਲਦੀਪ ਸਿੰਘ ਦੇ ਘਰੋਂ ਬੀਬੀ ਅਵਿਨਾਸ਼ ਕੌਰ ਬਾਹਰ ਫਰਸ਼ ਤੇ ਬੈਠੀ ਸਤਿਗੁਰਾਂ ਦੇ ਦਰਸ਼ਨਾਂ ਲਈ ਪ੍ਰਾਰਥਨਾ ਕਰ ਰਹੀ ਸੀ। ਡਾ. ਮੂਸਾ ਵੀ ਉਨ੍ਹਾਂ ਕੋਲ ਬੈਠੇ ਹੌਂਸਲਾ ਦੇ ਰਹੇ ਸਨ – "ਬੀਬੀ ਫਿਕਰ ਨਾ ਕਰੋ ਪਹਿਲੇ ਗੁਰੂ ਸਾਹਿਬਾਨ ਭੀ ਅਰਦਾਸ ਕੀਏ ਪ੍ਰਗਟ ਹੋ ਕੇ ਦਰਸ਼ਨ ਦੇਤੇ ਆਏ ਹੈਂ ਔਰ ਯੇ ਭੀ ਤੋ ਵੋਹੀ ਗੁਰੂ ਹੈਂ। ਵੋ ਆਪ ਕੀ ਅਰਦਾਸ ਸੁਣਕੇ ਜ਼ਰੂਰ ਪ੍ਰਗਟ ਹੋਂਗੇ।"

ਉਹ ਇਹ ਗੱਲਾਂ ਕਰ ਹੀ ਰਹੇ ਸਨ ਕਿ ਪਿੱਛੇ ਅਚਾਨਕ ਪ੍ਰਿਥੀਪਾਲ ਸਿੰਘ ਨੇ ਡਾਕਟਰ ਮੂਸਾ ਦੇ ਮੋਢੇ 'ਤੇ ਹੱਥ ਰੱਖਿਆ ਤੇ ਅਰਸ਼ੀ ਪ੍ਰੀਤਮ, ਦੁਖੀਆਂ ਦੇ ਦੁੱਖ ਦੂਰ ਕਰਨ ਵਾਲੇ ਦੇ

ਆਉਣ ਦੀ ਖਬਰ ਸੁਣਾਈ। ਪਿੱਛਾਂ ਜਦੋਂ ਉਹਨਾਂ ਮੁੜਕੇ ਦੇਖਿਆ ਤਾਂ ਪਿਛੇ ਹਿਰਦੈ ਸਮਰਾਟ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪੂਰਬੇ ਸਮੇਤ ਸਾਖਸ਼ਾਤ ਦਰਸ਼ਨ ਦੇ ਰਹੇ ਸਨ। ਦਰਸ਼ਨ ਕਰਦਿਆਂ ਹੀ ਬੀਬੀ ਅਵਿਨਾਸ਼ ਕੌਰ ਤਾਂ ਵੈਰਾਗਣ ਹੋ ਗਈ। ਹੰਝੂਆਂ ਦੀ ਧਾਰਾ ਵਹਿ ਤੁਰੀ, ਸਿਸਕੀਆਂ ਬੰਦ ਹੀ ਨਾ ਹੋਣ। ਸੱਚੇ ਪਾਤਸ਼ਾਹ ਜੀ ਨੇ ਬੀਬੀ ਅਵਿਨਾਸ਼ ਕੌਰ ਨੂੰ ਦਿਲਾਸਾ ਦਿਤਾ ਤੇ ਉਨ੍ਹਾਂ ਦੇ ਨਾਲ ਅੰਦਰ ਜਾਕੇ ਕੁਲਦੀਪ ਸਿੰਘ ਨੂੰ ਦਰਸ਼ਨ ਦਿਤੇ। ਬੀਬੀ ਨੇ ਕੁਲਦੀਪ ਸਿੰਘ ਦਾ ਸੀਸ ਪਕੜ ਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਨਿਵਾਇਆ। ਕੁਲਦੀਪ ਸਿੰਘ ਦਾ ਹਿਰਦਾ ਠਰ ਗਿਆ। ਠੰਡੀ ਮੂਰਤ ਨੇ ਦੁਖੀਆਂ ਦੇ ਦੁੱਖਾਂ ਦਾ ਨਿਵਾਰਨ ਕਰਨ ਹਿਤ ਏਨੀ ਦੂਰ ਬੈਠੇ ਸੇਵਕਾਂ ਨੂੰ ਦਰਸ਼ਨ ਦਿਤੇ ਸਨ। ਕੁਲਦੀਪ ਸਿੰਘ ਦਾ ਦਰਦ ਜਾਂਦਾ ਰਿਹਾ। ਉਸਨੂੰ ਸਾਰੇ ਕਸ਼ਟ ਤੋਂ ਮੁਕਤੀ ਮਿਲ ਗਈ। ਉਹ ਸ਼ਾਂਤ ਹੋ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜਿਆ। ਕੋਈ 60 ਸਾਲ ਦੀ ਉਮਰ ਭੋਗ ਕੁਲਦੀਪ ਸਿੰਘ ਇਸ ਦੁਨੀਆਂ ਤੋਂ ਚਲਾਣਾ ਕਰ ਗਏ।

ਹਸਪਤਾਲੋਂ ਹੀ ਪ੍ਰਿਥੀਪਾਲ ਸਿੰਘ ਨੇ ਸੇਠ ਤ੍ਰਿਲੋਕ ਸਿੰਘ ਚਾਵਲਾ ਦੀ ਕੋਠੀ ਫੋਨ ਕੀਤਾ ਕਿ ਪਾਤਸ਼ਾਹ ਜੀ ਉਨ੍ਹਾਂ ਦੇ ਘਰੋਂ ਜਲ-ਪਾਣੀ ਛਕਣਗੇ ਪਰ ਉਨ੍ਹਾਂ ਦੇ ਆਉਣ ਦੀ ਖਬਰ ਕਿਸੇ ਨੂੰ ਨਾ ਦਿਤੀ ਜਾਵੇ। "ਸਤਿ-ਬਚਨ" ਕਹਿਕੇ ਸੇਠ ਹੁਰਾਂ ਜਲ-ਪਾਣੀ ਤਿਆਰ ਕੀਤਾ। ਪਾਤਸ਼ਾਹ ਜੀ ਨੇ ਇਸ਼ਨਾਨ ਕੀਤਾ ਤੇ ਜਲ-ਜਾਣੀ ਛੱਕਿਆ।

ਬੈਂਕਾਕ ਕਿਸੇ ਲੜਕੇ ਦਾ ਆਨੰਦ ਕਾਰਜ ਹੋਇਆ ਸੀ। ਬੈਂਕਾਕ ਵਿਚ ਬੀਬੀਆਂ ਢੋਲਕੀ-ਛੈਣਿਆਂ ਨਾਲ ਉਸ ਘਰ ਵਧਾਈ ਦੇਣ ਜਾਂਦੀਆਂ ਹਨ ਜਿਸ ਘਰ ਵਿਆਹ ਹੋਵੇ। ਜਾਕੇ ਸ਼ਬਦ ਕੀਰਤਨ ਕਰਦੀਆਂ, ਗਾਉਂਦੀਆਂ ਤੇ ਬੜੀ ਰੌਣਕ ਲਾਉਂਦੀਆਂ ਹਨ। ਸੋ ਨਾਮਧਾਰੀ ਬੀਬੀਆਂ ਜਿਹਨਾਂ ਵਿਚ ਸੂਬਾ ਬੀਬੀ ਗਿਆਨਣ ਜੀ ਸ਼ਾਮਲ ਹਨ, ਸਾਰੀਆਂ ਇਕੱਠੀਆਂ ਹੋਕੇ ਉਸਦੇ ਘਰ ਵਧਾਈ ਦੇਣ ਗਈਆਂ। ਉਥੇ ਅਮਰ ਸਿੰਘ ਚਾਵਲਾ ਜਿਸ ਨੇ ਏਅਰ ਪੋਰਟ ਤੇ ਪਾਤਸ਼ਾਹ ਜੀ ਦੇ ਦਰਸ਼ਨ ਕੀਤੇ ਸੀ। ਉਸ ਕੋਲੋਂ ਰਿਹਾ ਨਾ ਗਿਆ, ਉਸ ਨੇ ਆਪਣੀ ਭਤੀਜੀ ਬੀਬੀ ਅੰਮ੍ਰਿਤ (ਜਿਹੜੀ ਕਿ ਸੱਚੇ ਪਾਤਸ਼ਾਹ ਜੀ ਦੀ ਬੜੀ ਸ਼ਰਧਾਲੂ ਹੈ) ਦੇ ਕੰਨ ਵਿਚ ਦੱਸ ਦਿਤਾ ਕਿ ਉਸਨੂੰ ਹੁਕਮ ਤਾਂ ਨਹੀਂ ਹੈ ਦੱਸਣ ਦਾ ਪਰ ਉਸ ਵਲੋਂ ਰਿਹਾ ਨਹੀਂ ਜਾ ਰਿਹਾ ਹੈ। ਉਸ ਦੱਸਿਆ ਕਿ "ਸੱਚੇ ਪਾਤਸ਼ਾਹ ਜੀ ਬੈਂਕਾਕ ਆਏ ਹੋਏ ਨੇ।" ਉਸਦੇ ਦੱਸਣ ਦੀ ਦੇਰ ਸੀ ਕਿ ਬੀਬੀ ਅੰਮ੍ਰਿਤ ਤਾਂ ਵੈਰਾਗਣ ਹੋ ਗਈ। ਫਿਰ ਤਾਂ ਇਹ ਖਬਰ ਸਾਰਿਆਂ ਨੂੰ ਲਗ ਗਈ। ਸਾਰਾ ਢੋਲ-ਢਮੱਕਾ ਉਥੇ ਹੀ ਛੱਡਕੇ ਜਿਸਨੂੰ ਜਿਹੜੀ ਸਵਾਰੀ ਮਿਲੀ, ਫੜਕੇ ਸੇਠ ਤ੍ਰਿਲੋਕ ਸਿੰਘ ਚਾਵਲਾ ਦੀ ਕੋਠੀ ਉਮੜ ਪਈਆਂ।

ਪਾਤਸ਼ਾਹ ਜੀ ਅਜੇ ਜਲ-ਪਾਣੀ ਛਕ ਰਹੇ ਸਨ ਕਿ ਬੀਬੀਆਂ ਆਣ ਦਰਸ਼ਨ ਕੀਤੇ। ਦਰਸ਼ਨ ਕਰਕੇ ਨਿਹਾਲ ਹੋ ਗਈਆਂ। ਪਾਤਸ਼ਾਹ ਜੀ ਸੇਠ ਤ੍ਰਿਲੋਕ ਸਿੰਘ ਦੀ ਕੋਠੀ ਦੋ ਕੁ ਘੰਟੇ ਠਹਿਰੇ, ਜਿਹੜਾ ਵੀ ਆਇਆ ਉਹ ਖੁਲ੍ਹੇ ਦਰਸ਼ਨ ਦੀਦਾਰੇ ਪਾਕੇ ਧੰਨ ਹੋ ਗਿਆ।

ਹੁਣ ਬੀਬੀਆਂ ਪੂਰਬਾ ਜੀ ਕੋਲੋਂ ਸਤਿਗੁਰਾਂ ਦੇ ਪ੍ਰੋਗਰਾਮ ਬਾਰੇ ਪੁੱਛਣ ਲੱਗੀਆਂ। ਹੁਕਮ ਅਨੁਸਾਰ ਪੂਰਬਾ ਜੀ ਨੇ ਟਾਲ-ਮਟੋਲ ਕੀਤਾ। ਸਭ ਹੈਰਾਨ ਸਨ ਕਿ ਸੱਚੇ ਪਾਤਸ਼ਾਹ ਜੀ ਚੁੱਪ ਕੀਤੇ ਦਰਸ਼ਨ ਕਿਵੇਂ ਆਣ ਦਿਤੇ ਹਨ। ਏਨੇ ਨੂੰ ਪੂਰਬਾ ਜੀ ਨੇ ਅਟੈਚੀ ਕੇਸ ਫੜਿਆ। ਮਾਈਆਂ ਵੈਰਾਗ ਵਿਚ ਆ ਗਈਆਂ। ਉਹ ਪਾਤਸ਼ਾਹ ਜੀ ਨੂੰ ਵਾਪਸ ਜਾਣ ਨਾ ਦੇਣ। ਉਹਨਾਂ ਦੀ ਦਸ਼ਾ ਅਜੇਹੀ ਹੋ ਗਈ –

"ਹਉ ਆਕਲ ਬਿਕਲ ਭਈ ਗੁਰ ਦੇਖੇ ਹਉ
ਲੋਟ ਪੋਟ ਹੋਇ ਪਈਆ ॥

(ਰਾਗ ਬਿਲਾਵਲ ਮ:4 ਪੰਨਾ 836)

ਉਹ ਪਾਤਸ਼ਾਹ ਜੀ ਪ੍ਰਤੀ ਇੰਜ ਵੈਰਾਗ ਕਰਨ ਲਗੀਆਂ ਜਿਵੇਂ ਭਗਵਾਨ ਕ੍ਰਿਸ਼ਨ ਦੇ ਬ੍ਰਿੰਦਾਬਨ ਛੱਡਣ ਸਮੇਂ ਗੋਪੀਆਂ ਨੇ ਕੀਤਾ ਸੀ। ਐਵੇਂ ਤਾਂ ਨਹੀਂ ਗੋਪੀਆਂ ਨੂੰ ਸ੍ਰੀ ਕ੍ਰਿਸ਼ਨ ਜੀ ਨੂੰ ਪਿਆਰ ਵਸ ਹੋ ਕੇ ਛਲੀਆ ਕਿਹਾ।

ਪਾਤਸ਼ਾਹ ਜੀ ਨੇ ਪੂਰਬਾ ਜੀ ਨੂੰ ਹੁਕਮ ਕੀਤਾ, "ਪੂਰਬੇ ਤੂੰ ਅਗਲੀ ਪੌੜੀ ਤੇ ਜਾਕੇ ਖੜ੍ਹਾ ਹੋ, ਮੈਂ ਪਿਛਲੀ ਪੌੜੀ ਰਾਹੀਂ ਉਤਰ ਕੇ ਏਅਰ ਪੋਰਟ ਤੇ ਜਾਂਦਾ ਹਾਂ। ਤੂੰ ਦੂਜੀ ਗੱਡੀ ਤੇ ਏਅਰਪੋਰਟ ਪਹੁੰਚ ਜਾਵੀਂ।" ਕਿਉਂਕਿ ਸੇਠ ਤ੍ਰਿਲੋਕ ਸਿੰਘ ਚਾਵਲਾ ਦੀ ਕੋਠੀ ਤੋਂ ਬਾਹਰ ਜਾਣ ਲਈ ਦੋ ਰਸਤੇ ਸਨ। ਇਕ ਅਗਲੇ ਪਾਸੇ ਤੇ ਇਕ ਪਿੱਛਲੇ ਪਾਸੇ। ਪਾਤਸ਼ਾਹ ਜੀ ਪਿੱਛਲੀ ਪੌੜੀ ਉਤਰ ਕੇ ਏਅਰ ਪੋਰਟ ਪਹੁੰਚ ਗਏ ਤੇ ਪੂਰਬਾ ਜੀ ਬੀਬੀਆਂ ਮਾਈਆਂ ਨੂੰ ਦਿਲਾਸਾ ਦਿੰਦੇ ਹੋਏ ਦੂਜੀ ਗੱਡੀ ਵਿਚ ਜਾ ਬੈਠੇ ਤੇ ਏਅਰਪੋਰਟ ਪਹੁੰਚ ਦਿੱਲੀ ਪੁੱਜੇ।

ਦਿੱਲੀ ਦੀ ਸੰਗਤ ਨੂੰ ਕਹਿ ਕੇ ਗਏ ਸਨ ਕਿ ਅਸੀਂ ਰਾਤੀਂ ਪਰਤ ਆਵਾਂਗੇ। ਇਸ ਤਰਾਂ ਪਾਤਸ਼ਾਹ ਜੀ ਨੇ ਹਜਾਰਾਂ ਮੀਲ ਦੂਰ ਬੈਠੇ ਸੇਵਕਾਂ ਦੀਆਂ ਅਰਦਾਸਾਂ ਪ੍ਰਵਾਨ ਕਰ ਉਹਨਾਂ ਨੂੰ ਦਰਸ਼ਨ ਦੇਕੇ ਉਹਨਾਂ ਦੇ ਕਸ਼ਟ ਦੀ ਨਵਿਰਤੀ ਕੀਤੀ।

ਧੰਨ ਹਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ !

ਆਪਣੇ ਸੇਵਕ ਕੀ ਸਰਪਰ ਰਾਖੈ

- ਸੰਤ ਗਿਆਨ ਸਿੰਘ ਜੀ ਹੰਸਪਾਲ

ਸੰਤ ਗਿਆਨ ਸਿੰਘ ਜੀ ਦੇ ਪ੍ਰਵਾਰ ਤੇ ਸਤਿਗੁਰਾਂ ਦੀ ਬਹੁਤ ਬਖ਼ਸ਼ਿਸ਼ ਹੈ। ਬਰਕਤਾਂ ਬਰਸ ਰਹੀਆਂ ਹਨ। ਤਿੰਨ ਵਜੇ ਦਾ ਵਕਤ ਸੀ। ਅਚਾਨਕ ਹੀ ਗਿਆਨ ਸਿੰਘ ਚੀਫ ਇੰਜੀਨੀਅਰ ਦਾ ਦਰਵਾਜਾ ਖੜਕਿਆ। ਜਲਦੀ ਨਾਲ ਉਠੇ ਤਾਂ ਕੀ ਦੇਖਦੇ ਹਨ ਕਿ ਉਹਨਾਂ ਦਾ ਸਹਾਇਕ ਇੰਜੀਨੀਅਰ ਘਬਰਾਇਆ ਹੋਇਆ ਸਾਹਮਣੇ ਖੜ੍ਹਾ ਹੈ। ਸਰਦਾਰ ਜੀ ਨੇ ਜਲਦੀ ਨਾਲ ਪੁੱਛਿਆ, ਕੀ ਕਾਰਨ ਹੈ ? ਤਾਂ ਨਾਗੀ ਜੀ ਨੇ ਕਿਹਾ, ਬਹੁਤ ਨੁਕਸਾਨ ਹੋਇਆ ਹੈ। ਗੰਨਾ ਪੀੜਣ ਵਾਲਾ ਵੱਡਾ ਰੋਲਰ ਟੁੱਟ ਗਿਆ ਹੈ। ਚਲ ਕੇ ਵੇਖੋ। ਹੋ ਸਕਦਾ ਹੈ ਦੋ ਤਿੰਨ ਦਿਨ ਮਿਲ ਬੰਦ ਕਰਨੀ ਪਵੇ। ਇਸ ਨਾਲ ਤਿੰਨ ਚਾਰ ਲੱਖ ਦਾ ਨੁਕਸਾਨ ਹੋ ਜਾਵੇਗਾ। ਸਾਡੀ ਬਹੁਤ ਬਦਨਾਮੀ ਵੀ ਹੋਵੇਗੀ। ਮਾਲਕ ਸਾਡੀ ਅਣਗਹਿਲੀ ਕਹਿਣਗੇ। ਸ੍ਰਦਾਰ ਗਿਆਨ ਸਿੰਘ ਜੀ ਸਾਰੀ ਗੱਲ ਸਮਝ ਗਏ। ਉਹਨਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਤਸਵੀਰ ਦੇ ਅੱਗੇ ਖੜ੍ਹੇ ਹੋਕੇ ਅਰਦਾਸ ਕੀਤੀ।

ਬਸ ਫਿਰ ਕੀ ਸੀ - ''ਬਿਰਥਾ ਕਦੇ ਨ ਹੋਵਈ ਜਨ ਕੀ ਅਰਦਾਸਿ।'' ਅਰਦਾਸ ਸੁਣੀ ਗਈ। ਸਰਦਾਰ ਜੀ ਨੂੰ ਆਪਣੇ ਸਤਿਗੁਰੂ ਤੇ ਏਨਾ ਭਰੋਸਾ ਸੀ ਕਿ ਨਾਗੀ ਜੀ ਨੂੰ ਨਾਲ ਲੈਕੇ ਰੋਲਰ ਵੇਖਣ ਤੁਰ ਪਏ। ਸ੍ਰਦਾਰ ਜੀ ਬਾਹਰ ਖੜ੍ਹੇ ਹੋ ਗਏ ਤੇ ਨਾਗੀ ਜੀ ਹੈਂਡ ਲੈਂਪ ਲੈਕੇ ਅੰਦਰ ਚਲੇ ਗਏ। ਪੰਜ-ਸੱਤ ਮਿੰਟ ਬਾਹਰ ਨਾ ਆਏ ਤਾਂ ਸ੍ਰਦਾਰ ਜੀ ਨੇ ਆਵਾਜ਼ ਦੇਕੇ ਕਿਹਾ ਕਿ ਏਨੀ ਦੇਰ ਕਿਉਂ ਲਗੀ ਹੈ ? ਨਾਗੀ ਜੀ ਚੁਪਚਾਪ ਬਾਹਰ ਆਏ ਤੇ ਹੈਰਾਨ ਹੋਕੇ ਦੱਸਿਆ ਕਿ ਉਹਨਾਂ ਨੇ ਆਪ ਰੋਲਰ ਟੁੱਟਿਆ ਥੱਲੇ ਪਿਆ ਵੇਖਿਆ ਸੀ। ਹੇਠਾਂ ਜਿਥੇ ਰੋਲਰ ਡਿੱਗਾ ਪਿਆ ਸੀ ਉਥੇ ਟੋਇਆ ਵੀ ਪਿਆ ਹੋਇਆ ਹੈ। ਪਰ ਹੁਣ ਵੇਖਕੇ ਹੈਰਾਨ ਹੋਇਆ ਹਾਂ ਕਿ ਰੋਲਰ ਆਪਣੀ ਜਗ੍ਹਾ ਠੀਕ-ਠਾਕ ਹੈ।

ਸ੍ਰਦਾਰ ਗਿਆਨ ਸਿੰਘ ਨੂੰ ਸਮਝਦੇ ਦੇਰ ਨਹੀਂ ਲਗੀ ਕਿ ਇਹ ਤਾਂ ਵੱਡ ਪ੍ਰਤਾਪੀ ਉਹਨਾਂ ਦੀ ਲਾਜ ਰੱਖਣ ਲਈ ਆਪ ਸਭ ਕੁੱਝ ਠੀਕ ਕਰ ਗਏ ਹਨ। ਸ੍ਰਦਾਰ ਜੀ ਨੇ ਇੰਜਨ ਚਲਾਕੇ ਪਹਿਲਾਂ ਹੌਲੀ ਤੇ ਫਿਰ ਫੁੱਲ ਸਪੀਡ ਵਿਚ ਵੇਖਿਆ, ਰੋਲਰ ਠੀਕ-ਠਾਕ ਕੰਮ ਕਰ ਰਿਹਾ ਸੀ। ਸ੍ਰਦਾਰ ਜੀ ਅੱਗੇ ਵੀ ਕਈ ਚਮਤਕਾਰ ਸਤਿਗੁਰੂ ਜੀ ਦੇ ਵੇਖ ਚੁੱਕੇ ਸਨ। ਬਿਜਨੌਰ ਦੀ ਮਿੱਲ 'ਚ ਸ੍ਰਦਾਰ ਜੀ ਦੀ ਕ੍ਰਿਪਾ ਨਾਲ ਕਾਫੀ ਨਾਮਧਾਰੀ ਸਿੱਖ ਕੰਮ ਕਰਦੇ ਸਨ। ਰੋਜ਼ ਕੀਰਤਨ ਤੇ ਆਸਾ ਜੀ ਦੀ ਵਾਰ ਲਗਦੀ ਸੀ। ਸ੍ਰ. ਗਿਆਨ ਸਿੰਘ ਜੀ ਦੇ ਸੁਯੋਗ ਸਪੁੱਤਰ ਸ੍ਰ. ਹਰਵਿੰਦਰ ਸਿੰਘ ਹੰਸਪਾਲ ਜੀ ਨਾਮਧਾਰੀ ਪੰਥ ਦੀ ਉਘੀ ਹਸਤੀ ਹਨ। ਸ੍ਰਦਾਰ ਗਿਆਨ ਸਿੰਘ ਜੀ ਕਹਿੰਦੇ ਹੁੰਦੇ ਸਨ ਕਿ ਸਤਿਗੁਰੂ ਜੀ ਪਾਸ ਉਹਨਾਂ ਦੀ ਅਰਦਾਸ ਕਦੇ ਵੀ ਬਿਰਥਾ ਨਹੀਂ ਗਈ।

ਦੂਜੀ ਸਾਖੀ :-

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ''ਮਿਰਤਕ ਕਉ ਜੀਵਾਲਣਹਾਰ'' ਦੀ ਉਪਮਾ ਕਰ ਸਕਦੇ ਹਾਂ। ਸੰਤ ਗਿਆਨ ਸਿੰਘ ਜੀ ਨੇ ਇਕ ਘਟਨਾ ਦੱਸੀ :

ਇਹ ਘਟਨਾ ਬਿਜਨੌਰ ਦੀ ਹੈ। ਸੰਤ ਗਿਆਨ ਸਿੰਘ ਜੀ ਹੰਸਪਾਲ ਦੇ ਘਰ ਸਤਿਗੁਰੂ ਜੀ ਦਾ ਆਮ ਆਉਣਾ-ਜਾਣਾ ਸੀ। ਇਕ ਵਾਰੀ ਸਰਦੀ ਦਾ ਮੌਸਮ ਸੀ। ਸਤਿਗੁਰੂ ਜੀ ਆਏ ਹੋਏ ਸਨ। ਸਤਿਗੁਰੂ ਜੀ ਰਾਤ ਦੁੱਧ ਛੱਕ ਕੇ ਬਿਰਾਜ ਗਏ। ਰਾਤ ਅੱਧੀ ਬੀਤ ਚੁੱਕੀ ਸੀ। ਸੰਤ ਜੀ ਦੇ ਨਿਕਟਵਰਤੀ ਰਿਸ਼ਤੇ ਦਾਰ ਸੂਰਤ ਸਿੰਘ ਬਹੁਤ ਘਬਰਾਏ ਹੋਏ ਆਏ ਤੇ ਦੱਸਿਆ ਕਿ ਉਨ੍ਹਾਂ ਦੇ ਲੜਕੇ ਨੂੰ ਸਖਤ ਨਮੂਨੀਏ ਦਾ ਅਟੈਕ ਹੋ ਗਿਆ ਹੈ। ਡਾਕਟਰ ਨੇ ਕਿਹਾ ਹੈ ਕਿ ਰਾਤ ਸ਼ਾਇਦ ਹੀ ਕੱਢੇ। ਹੁਣ ਸਤਿਗੁਰੂ ਜੀ ਹੀ ਹਨ ਜੋ ਬਖ਼ਸ਼ਿਸ਼ ਕਰਨ। ਪਰ ਰਾਤ ਅੱਧੀ ਹੋ ਚੁੱਕੀ ਸੀ। ਸਤਿਗੁਰੂ ਜੀ ਨੂੰ ਕੌਣ ਜਗਾਵੇ ? ਸੰਤ ਗਿਆਨ ਸਿੰਘ ਜੀ ਨੇ ਡਰਦੇ ਡਰਦੇ ਸਤਿਗੁਰੂ ਜੀ ਦੇ ਕਮਰੇ ਵਾਲੇ ਦਰਵਾਜੇ ਨੂੰ ਖੜਕਾਇਆ। ਸਤਿਗੁਰੂ ਜੀ ਨੇ ਪੁੱਛਿਆ - ''ਕੀ ਗੱਲ ਹੈ ?'' ਸੰਤ ਗਿਆਨ ਸਿੰਘ ਜੀ ਨੇ ਬੜੀ ਆਜਜ਼ੀ ਨਾਲ ਸਾਰੀ ਗੱਲ ਦੱਸੀ ਤਾਂ ਸਤਿਗੁਰਾਂ ਹੁਕਮ ਕੀਤਾ ਕਿ ''ਹੁਣ ਤੇ ਕੁੱਝ ਨਹੀਂ ਹੋ ਸਕਦਾ, ਸਵੇਰੇ ਵੇਖਾਂਗੇ ਪਰ ਬੱਚਾ ਰਾਤ ਮਰੇਗਾ ਨਹੀਂ।'' ਸੰਤ ਜੀ ਨੇ ਸੂਰਤ ਸਿੰਘ ਨੂੰ ਕਿਹਾ ਕਿ ''ਬਚਨ ਹੋ ਗਿਆ ਹੈ ਬੱਚੇ ਨੂੰ ਰਾਤ ਕੁੱਝ ਨਹੀਂ ਹੋਵੇਗਾ ?'' ਸਵੇਰੇ ਸਤਿਗੁਰੂ ਜੀ ਆਸਾ ਜੀ ਦੀ ਵਾਰ ਤੋਂ ਬਾਅਦ ਘਰਾਂ ਵਿਚ ਚਰਨ ਪਾਉਣ ਲਈ ਤੁਰੇ ਤਾਂ ਬਚਨ ਕੀਤਾ - ''ਉਸ ਬੱਚੇ ਦਾ ਕੀ ਹਾਲ ਹੈ ?'' ਸੰਤ ਗਿਆਨ ਸਿੰਘ ਜੀ ਨੇ ਕਿਹਾ ''ਸੱਚੇ ਪਾਤਸ਼ਾਹ ਜੀ, ਉਹਨਾਂ ਦੇ ਘਰ ਹੀ ਜਾ ਰਹੇ ਹਾਂ।'' ਸਤਿਗੁਰੂ ਜੀ ਨੇ ਜਾਕੇ ਬੱਚੇ ਨੂੰ ਦੇਖਿਆ ਤੇ ਬਚਨ ਕੀਤਾ - ''ਰਾਤ ਦਾ ਬੇਹਾ ਪਾਣੀ ਹੈ ਤਾ ਲਿਆਓ ਤੇ ਬੱਚੇ ਨੂੰ ਇਸ਼ਨਾਨ ਕਰਾਓ।'' ਲੋਕੀ ਹੈਰਾਨ ਕਿ ਬੱਚੇ ਨੂੰ ਨਮੂਨੀਆ ਹੈ ਉਪਰੋਂ ਸਿਆਲ ਰੁੱਤ ਹੈ ਤੇ ਰਾਤ ਦੇ ਠੰਡੇ ਪਾਣੀ ਨਾਲ ਇਸ਼ਨਾਨ ਕਰਾਉਣ ਦਾ ਹੁਕਮ ਦੇ ਰਹੇ ਹਨ ਸਤਿਗੁਰੂ ਜੀ। ਪਰ ਸਤਿਗੁਰੂ ਜੀ ਦੀ ''ਗਤਿ ਨ ਕੋਉ ਜਾਨੈ'' ਹੁਕਮ ਦੀ ਪਾਲਣਾ ਹੋਈ ਤੇ ਬੱਚਾ ਨੌ-ਬਰ-ਨੌ ਉਠਕੇ ਚਲਣ ਫਿਰਨ ਲਗ ਪਿਆ। ਸਤਿਗੁਰੂ ਦੀ ਮਹਿਮਾ ਅਪਰੰਪਾਰ ਹੈ ਉਹ ਬੱਚਾ ਹੁਣ 40 ਸਾਲ ਦਾ ਨੌਜਵਾਨ ਹੈ, ਸਤਿਗੁਰੂ ਜੀ ਦਾ ਚਰਨ ਸੇਵਕ ਹੈ - ਪਰਤਾਪ ਸਦਾ ਗੁਰ ਕਾ ਘਟ ਘਟ ਪ੍ਰਗਾਸ ਭਇਆ ਜਸ ਜਨ ਕੈ॥ ਇਕ ਪੜਹਿ ਸੁਣਹਿ ਗਾਵਹਿ ਪ੍ਰਭਾਤਿਹ ਕਰ ਇਸ਼ਨਾਨਾ॥ ਇਸਨਾਨ ਕਰਹਿ ਪ੍ਰਭਾਤ ਸੁਧ ਮਨ ਗੁਰ ਪੂਜਾ ਬਿਧ ਸੈ ਹਤਕਰੰ ॥ ਕੰਚਨ ਤਨ ਹੋਇ ਪਰਸ ਪਾਰਸ ਕਉ ਜੋੜ ਸਰੂਪੀ ਧਿਆਨ ਧਰੰ॥

ਕੰਨ ਵਿਚ ਫੂਕ ਮਾਰਕੇ ਸੰਕਟ ਟਾਲਿਆ

- ਸ੍ਰੀ ਤਰਸੇਮ ਚੰਦ ਜੀ ਅਗਰਵਾਲ (ਅਫਰੀਕਾ)

ਸ੍ਰੀ ਤਰਸੇਮ ਚੰਦ ਅਗਰਵਾਲ ਸੰਗਰੂਰ ਜਿਲੇ ਦੇ ਹਨ। ਇਨ੍ਹਾਂ ਦਾ ਆਨੰਦ ਕਾਰਜ ਸੰਨ 1970 ਈ. ਵਿਚ ਲਾਲਾ ਬੁੱਧਰਾਮ ਦੀ ਲੜਕੀ ਬੀਬੀ ਕਾਂਤਾ ਨਾਲ ਹੋਇਆ ਸੀ। ਲਾਲਾ ਬੁੱਧਰਾਮ ਤੇ ਲਾਲਾ ਬੀਰ ਚੰਦ ਦੋਵੇਂ ਭਰਾ ਸਨ ਤੇ ਅਫਰੀਕਾ ਵਿਚ ਰਹਿੰਦੇ ਸਨ। ਇਹਨਾਂ ਦਾ ਪਰਵਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਤੋਂ ਹੀ ਨਾਮਧਾਰੀ ਸਜਿਆ ਆ ਰਿਹਾ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਫੇਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਪਰ ਏਨੀ ਸ਼ਰਧਾ ਤੇ ਸਿਦਕ ਹੈ ਕਿ ਹਰ ਇਕ ਸਾਹ ਵੀ ਓਹਨਾਂ ਦੇ ਹੁਕਮ ਵਿਚ ਹੀ ਲੈਂਦੇ ਹਨ। ਸ੍ਰੀ ਤਰਸੇਮ ਚੰਦ ਜੀ ਦਾ ਜਦੋਂ ਆਨੰਦ ਕਾਰਜ ਹੋਇਆ ਤਾਂ ਇਹ ਖੁਲ੍ਹੇ ਪਰਵਾਰ ਵਚੋਂ ਸਨ (ਭਾਵ ਕਿ ਗੈਰ ਨਾਮਧਾਰੀ ਸਨ)। ਸੰਨ 1977 ਤਕ ਇਹਨਾਂ ਦੇ ਘਰ ਚਾਰ ਬੱਚਿਆਂ - ਦੋ ਲੜਕੇ ਤੇ ਦੋ ਲੜਕੀਆਂ ਨੇ ਜਨਮ ਲਿਆ। ਘਰ ਵਿਚ ਤੰਗੀ ਬਹੁਤ ਸੀ। ਗੁਜਾਰਾ ਔਖਾ ਹੋਣ ਕਰਕੇ ਇਹਨਾਂ ਦੇ ਸਹੁਰਾ ਸਾਹਿਬ ਲਾਲਾ ਬੁੱਧਰਾਮ ਜੀ ਨੇ ਇਹਨਾਂ ਨੂੰ ਬੱਚਿਆਂ ਸਮੇਤ ਅਫਰੀਕਾ ਵਿਚ ਆਪਣੇ ਕੋਲ ਹੀ ਸੱਦ ਲਿਆ। ਓਥੇ ਉਹਨਾਂ ਨੇ ਇਹਨਾਂ ਨੂੰ ਇਕ ਪੈਟਰੋਲ ਪੰਪ ਲੈ ਦਿਤਾ। ਜਿਥੇ ਇਹ ਮਿਹਨਤ ਕਰਕੇ ਆਪਣਾ ਗੁਜ਼ਾਰਾ ਕਰਨ ਲੱਗੇ।

ਲਾਲਾ ਬੁੱਧਰਾਮ ਜੀ ਤੇ ਇਹਨਾਂ ਦੇ ਘਰੋਂ ਬੀਬੀ ਕਾਂਤਾ ਨੇ ਸ੍ਰੀ ਤਰਸੇਮ ਚੰਦ ਨੂੰ ਬੜੀ ਵਾਰੀ ਪ੍ਰੇਰਿਆ ਕਿ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਜਨਮ ਸਫਲਾ ਕਰੋ ਪਰ "ਬਿਨ ਭਾਗਾਂ ਸਤਿਸੰਗ ਨਾ ਲੱਭੈ" ਅਨੁਸਾਰ ਸ੍ਰੀ ਤਰਸੇਮ ਚੰਦ ਅਗਰਵਾਲ ਦਾ ਅਜੇ ਮਨ ਨਹੀਂ ਸੀ ਬਣ ਰਿਹਾ। ਸਤਿਗੁਰਾਂ ਵੱਲ ਆਉਣ ਨੂੰ ਜੀਅ ਨਹੀਂ ਸੀ ਕਰਦਾ। ਇਹਨਾਂ ਸੋਚਣਾ ਕਿ ਕੌਣ ਬੰਦਸ਼ਾਂ ਵਿਚ ਪਵੇ ?

ਇਕ ਵਾਰ ਦੀ ਗੱਲ ਹੈ ਕਿ ਤਰਸੇਮ ਚੰਦ ਨੂੰ ਬੁਖਾਰ ਬਹੁਤ ਚੜ੍ਹਿਆ। ਬੁਖਾਰ ਉਤਰਨ ਦਾ ਨਾਂ ਹੀ ਨਾ ਲਵੇ। ਹਾਲਤ ਦਿਨ-ਬ-ਦਿਨ ਵਿਗੜਦੀ ਹੀ ਜਾਵੇ। ਕਿਸੇ ਵੀ ਡਾਕਟਰ ਦੀ ਦਵਾਈ ਨੇ ਕੰਮ ਨਾ ਕੀਤਾ। ਹੁਣ ਲਾਲਾ ਬੁੱਧਰਾਮ ਜੀ ਨੇ ਸੋਚਿਆ ਕਿ ਪਾਤਸ਼ਾਹ ਜੀ ਤੋਂ ਬਿਨਾ ਇਸਦਾ ਕੋਈ ਇਲਾਜ ਨਹੀਂ ਹੈ।ਉਹਨਾਂ ਨੇ ਚੁਸਤੀ ਤੋਂ ਕੰਮ ਲਿਆ। ਉਹਨਾਂ ਦਿਨਾਂ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੈਰੋਬੀ (ਅਫਰੀਕਾ) ਦੌਰੇ ਤੇ ਸਨ। ਉਹਨਾਂ ਨੇ ਤਰਸੇਮ ਚੰਦ ਨੂੰ ਆਖਿਆ, "ਚਲ ਕਾਕਾ ਤੈਨੂੰ ਨੈਰੋਬੀ ਲਿਜਾਕੇ ਇਕ ਡਾਕਟਰ ਨੂੰ ਵਿਖਾਈਏ।"

ਕਾਕਾ ਲਾਚਾਰ ਸੀ। ਬੀਮਾਰੀ ਨੇ ਉਸਦੇ ਹੋਸ਼ ਗੁਆ ਛੱਡੇ ਸਨ। ਉਹ ਤਿਆਰ ਹੋ ਗਿਆ। ਲਾਲਾ ਬੁੱਧਰਾਮ ਤੇ ਲਾਲਾ ਬੀਰ ਚੰਦ ਨੇ ਕਾਕਾ ਤਰਸੇਮ ਚੰਦ ਨੂੰ ਨੈਰੋਬੀ ਲਿਜਾਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਆਣ ਮੱਥਾ ਟਿਕਾਇਆ। ਡਾਕਟਰਾਂ ਦੇ ਡਾਕਟਰ, ਵੈਦਾਂ ਦੇ ਵੈਦ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਸ੍ਰੀ ਤਰਸੇਮ ਚੰਦ ਦੀ ਦੇਹ ਅਰੋਗਤਾ ਵਾਸਤੇ ਆਣ ਅਰਜ਼ ਕੀਤੀ।

ਪਾਤਸ਼ਾਹ ਜੀ ਨੇ ਮਿਹਰਾਂ ਦੇ ਭੰਡਾਰੇ ਖੋਲ੍ਹ ਦਿਤੇ। ਸ੍ਰੀ ਸਤਿਗੁਰੁ ਜੀ ਆਪਣੇ ਤੋਂ ਵਿਛੜੇ ਸਿੱਖਾਂ ਨੂੰ ਆਪਣੇ ਨਾਲ ਜ਼ਰੂਰ ਮਿਲਾਂਦੇ ਹਨ। ਉਹਨਾਂ ਨੇ ਸ੍ਰੀ ਤਰਸੇਮ ਚੰਦ ਨੂੰ ਵੀ ਆਪਣੇ ਨਾਲ ਮਿਲਾਉਣਾ ਹੀ ਸੀ। ਕ੍ਰਿਪਾ ਦ੍ਰਿਸ਼ਟੀ ਕਰਦਿਆਂ ਪਾਤਸ਼ਾਹ ਜੀ ਨੇ ਹੁਕਮ ਕੀਤਾ, "ਏਹਨੂੰ ਭਜਨ ਦੁਆਓ ਕ੍ਰਿਪਾ ਹੋ ਜਾਵੇਗੀ।"

ਭਜਨ ਦੁਆਇਆ। ਬੱਸ ਕੰਨ ਵਿਚ ਭਜਨ ਦੇਣ ਦੀ ਹੀ ਦੇਰ ਸੀ ਕਿ ਕ੍ਰਿਪਾ ਹੋ ਗਈ। ਸ੍ਰੀ ਤਰਸੇਮ ਚੰਦ ਠੀਕ ਹੋ ਗਏ। ਭਜਨ ਲੈਕੇ ਵੀ ਮਨ ਨਾ ਕਰੇ ਭਜਨ ਕਰਨ ਨੂੰ, ਪਰ ਭਜਨ ਤੇ ਕੰਨ ਰਾਹੀਂ ਅੰਦਰ ਵਸ ਹੀ ਚੁਕਿਆ ਸੀ।

ਇਕ ਵਾਰ ਫੇਰ ਸੱਚੇ ਪਾਤਸ਼ਾਹ ਜੀ ਨੇ ਤਨਜਾਨੀਆ ਵਿਖੇ ਦਰਸ਼ਨ ਦਿਤੇ। ਪਾਤਸ਼ਾਹ ਜੀ ਨੇ ਇਕ ਦਿਨ ਸ੍ਰੀ ਤਰਸੇਮ ਚੰਦ ਦੇ ਪੈਟਰੋਲ ਪੰਪ ਤੇ ਹੀ ਆਪਣੀ ਗੱਡੀ ਆਣ ਖੜ੍ਹੀ ਕੀਤੀ। ਗੱਡੀ ਵਿਚ ਪੈਟਰੋਲ ਪੁਆਇਆ। ਸ੍ਰੀ ਤਰਸੇਮ ਚੰਦ ਨੇ ਆਪ ਆਪਣੇ ਹੱਥੀਂ ਪੈਟਰੋਲ ਪਾਇਆ। ਸੱਚੇ ਪਾਤਸ਼ਾਹ ਜੀ ਕ੍ਰਿਪਾ ਕਰਦਿਆਂ ਉਥੋਂ ਚਲੇ ਗਏ।

ਹੁਣ ਤਕ ਸ੍ਰੀ ਤਰਸੇਮ ਚੰਦ ਪੈਟਰੋਲ ਪੰਪ ਤੇ ਹੀ ਕੰਮ ਕਰਦੇ ਸਨ ਪਰ ਗੁਜ਼ਾਰਾ ਨਹੀਂ ਸੀ ਹੁੰਦਾ। ਉਹਨਾਂ ਦੇ ਘਰੋਂ ਬੀਬੀ ਕਾਂਤਾ ਦਾ ਕਹਿਣਾ ਹੈ ਕਿ ਜੇ ਉਹ ਸਵੇਰ ਦਾ ਪ੍ਰਸ਼ਾਦਾ ਛੱਕ ਲੈਂਦੇ ਸਨ ਤਾਂ ਉਹਨਾਂ ਨੂੰ ਰਾਤ ਦੇ ਪ੍ਰਸ਼ਾਦੇ ਦਾ ਫਿਕਰ ਹੁੰਦਾ ਸੀ ਕਿ ਉਹ ਮਿਲੇਗਾ ਵੀ ਕਿ ਨਹੀਂ। ਅਜਿਹੀ ਹਾਲਤ ਸੀ। ਗਰੀਬੀ ਬਹੁਤ ਤੰਗ ਕਰ ਰਹੀ ਸੀ। ਹੁਣ ਸ੍ਰੀ ਤਰਸੇਮ ਚੰਦ ਜੀ ਦਸ-ਵੀਹ ਮਿੰਟ ਲਈ ਭਜਨ ਕਰਨ ਲਗ ਪਏ ਸਨ।

ਧਰਮੀ ਬੰਦਾ ਆਪ ਤਾਂ ਧਰਮੀ ਹੁੰਦਾ ਹੀ ਹੈ, ਦੂਜਿਆਂ ਦਾ ਵੀ ਭਲਾ ਕਰਾਉਣਾ ਆਪਣਾ ਧਰਮ ਸਮਝਦਾ ਹੈ। ਫੇਰ ਏਥੇ ਤਾਂ ਰਿਸ਼ਤਾ ਬੇਟੀ ਦਾ ਸੀ। ਇਕ ਵਾਰੀ ਸੰਨ 1982-83

ਦੀ ਗੱਲ ਹੈ ਕਿ ਲਾਲਾ ਬੁੱਧਰਾਮ ਤੇ ਲਾਲਾ ਬੀਰ ਚੰਦ ਨੇ ਅਫਰੀਕਾ ਹੋਲਾ ਮੰਗਿਆ। ਮੰਗ ਪ੍ਰਵਾਨ ਹੋਈ। ਮੇਲਾ ਮਿਲ ਗਿਆ। ਲਾਲਾ ਬੁੱਧਰਾਮ ਨੇ ਆਪਣੀ ਲੜਕੀ ਨੂੰ ਕਿਹਾ ਕਿ ਉਹਨਾਂ ਨੇ ਤਰਸੇਮ ਚੰਦ ਵਲੋਂ ਵੀ ਹੋਲੇ ਦੀ ਉਗਰਾਹੀ ਲਿਖਾ ਦਿਤੀ ਹੈ। ਉਹ ਵੀ 5000 ਸ਼ੀਲਿੰਗ ਉਗਰਾਹੀ ਦੇਣ, ਜਿਹੜਾ ਕਿ ਉਦੋਂ ਇੰਡੀਆ ਦਾ 2000 ਕੁ ਬਣਦਾ ਸੀ ਤੇ ਨਾਲ ਹੀ ਉਹਨਾਂ ਨੇ ਕਿਹਾ ਕਿ ਉਹ ਦੋਵੇਂ ਜਣੇ ਮੇਲੇ ਵਿਚ ਆਕੇ ਆਪਣੇ ਹੱਥੀਂ ਸੇਵਾ ਕਰਨ। ਲੜਕੀ ਚੁੱਪ ਰਹੀ। ਉਹਦਾ ਮੌਨ ਤੋੜਦਿਆਂ ਲਾਲਾ ਬੁੱਧਰਾਮ ਨੇ ਫਿਰ ਕਿਹਾ ਕਿ "ਮੈਂ ਤੇਰੀ ਹਾਲਤ ਸਮਝਦਾ ਹਾਂ। ਹੁਣ ਤਾਂ ਤੁਹਾਡੇ ਪੈਸੇ ਮੈਂ ਭਰਾਂਗਾ, ਤੁਸੀਂ ਮੈਨੂੰ ਪੈਸੇ ਥੋੜ੍ਹੇ ਥੋੜ੍ਹੇ ਕਰਕੇ ਉਦੋਂ ਦੇ ਦੇਣਾ ਜਦੋਂ ਤੁਹਾਡੇ ਕੋਲ ਹੋਣਗੇ।"

ਲੜਕੀ ਸੋਚ ਰਹੀ ਸੀ ਕਿ "ਸਾਡੇ ਕੋਲ ਤਾਂ ਰੁਪੈ ਵੀ ਨਹੀਂ ਤੇ ਪਿਤਾ ਜੀ ਨੇ ਸਾਡੇ ਵਲੋਂ 2000 ਰੁਪੈ ਲਿਖਾ ਦਿਤੇ ਹਨ। ਪਿਤਾ ਜੀ ਨੂੰ ਸਾਡੀ ਹਾਲਤ ਦਾ ਚੰਗੀ ਤਰ੍ਹਾਂ ਪਤਾ ਤਾਂ ਹੈ ਹੀ।"

ਰਾਤ ਨੂੰ ਤਰਸੇਮ ਚੰਦ ਪੈਟਰੋਲ ਪੰਪ ਤੋਂ ਵਾਪਸ ਪਰਤੇ। ਬੀਬੀ ਕਾਂਤਾ ਨੇ ਸਾਰਾ ਹਾਲ ਦੱਸਿਆ। ਤਰਸੇਮ ਚੰਦ ਨੇ ਕੋਈ ਗਿਲਾ ਨਾ ਕੀਤਾ। ਮਨ ਵਿਚ ਸਤਿਗੁਰੂ ਸਾਧ ਸੰਗਤ ਦੀ ਸੇਵਾ ਨਾਮ-ਦਾਨ ਵੱਸ ਚੁੱਕਿਆ ਸੀ। ਉਹਨਾਂ ਨੇ ਕਿਹਾ - "ਕੋਈ ਗੱਲ ਨਹੀਂ, ਪਿਤਾ ਜੀ ਨੇ ਭਰ ਦਿਤਾ ਹੈ ਨਾ। ਬਾਅਦ ਵਿਚ ਥੋੜ੍ਹਾ ਥੋੜ੍ਹਾ ਕਰਕੇ ਦੇ ਦਿਆਂਗੇ। ਨਾਲ ਹੀ ਦੋਹਾਂ ਜਣਿਆਂ ਨੇ ਜੋ ਸੇਵਾ ਉਹਨਾਂ ਦੇ ਜਿੰਮੇ ਲੱਗੀ ਸੀ, ਉਹ ਪ੍ਰਵਾਨ ਕੀਤੀ।"

ਮੇਲਾ ਹੋਇਆ। ਦੋਹਾਂ ਨੇ ਮਨੋ ਤਨੋ ਤੇ ਧਨੋ ਸੇਵਾ ਕੀਤੀ। ਮੇਲੇ ਦੌਰਾਨ ਜਿੰਨੀ ਵੀ ਮਾਇਆ ਸਤਿਗੁਰੂ ਜੀ ਨੂੰ ਮੱਥਾ ਟਿਕੀ ਸੀ, ਉਹ ਸਾਰੀ ਰੁਮਾਲੀ ਵਿਚ ਬੰਨ੍ਹ ਕੇ ਸ੍ਰੀ ਸਤਿਗੁਰੂ ਜੀ ਨੇ ਤਰਸੇਮ ਚੰਦ ਨੂੰ ਦੇ ਦਿਤੀ। ਤਰਸੇਮ ਚੰਦ ਜੀ ਉਹ ਸਾਰੀ ਮਾਇਆ ਆਪਣੇ ਪੈਟਰੋਲ ਪੰਪ ਤੇ ਰੱਖਕੇ ਭੁੱਲ ਗਏ ਤੇ ਆਪ ਘਰ ਆ ਗਏ। ਭਾਣਾ ਸਤਿਗੁਰੂ ਦਾ ਜਿਨ੍ਹਾਂ ਜਿਨ੍ਹਾਂ ਨੇ ਵੀ ਮਿੱਠਾ ਕਰਕੇ ਮੰਨਿਆ, ਉਹ ਹੀ ਤਰ ਗਿਆ। ਪਰ ਭਾਣਾ ਮੰਨਣਾ ਔਖਾ ਬਹੁਤ ਹੈ।

ਹੋਇਆ ਇੰਜ ਕਿ ਰਾਤ ਨੂੰ ਪੈਟਰੋਲ ਪੰਪ ਤੇ ਚੋਰੀ ਹੋ ਗਈ। ਸਾਰੇ ਪੈਸੇ, ਟਾਇਰ ਤੇ ਹੋਰ ਜੋ ਸਾਮਾਨ ਸੀ, ਚੋਰੀ ਹੋ ਗਿਆ। ਸਵੇਰੇ ਜਦੋਂ ਸ੍ਰੀ ਤਰਸੇਮ ਚੰਦ ਪੈਟਰੋਲ ਪੰਪ ਤੇ ਗਏ ਤਾਂ ਕੀ ਵੇਖਦੇ ਹਨ ਕਿ ਸਾਰਾ ਮਾਲ ਤਾਂ ਚੋਰੀ ਹੋ ਗਿਆ, ਪਰ ਉਹ ਪੈਸਿਆਂ ਦੀ ਗਠੜੀ ਜਿਹੜੀ ਸਤਿਗੁਰੂ ਜੀ ਨੇ ਦਿਤੀ ਸੀ, ਉਹ ਉਵੇਂ ਦੀ ਉਵੇਂ ਉਥੇ ਹੀ ਪਈ ਸੀ। ਆਖੋ - ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਜੋ ਕਿ ਕਲਿਜੁਗ ਵਿਚ ਆਪਣੀ ਜ਼ਾਹਰੀ ਕਲਾ ਵਿਖਾਉਂਦੇ ਹਨ।

ਬੀਬੀ ਦੇ ਮਨ ਵਿਚ ਬੜਾ ਰੋਸ ਆਇਆ, ਅਸੀਂ ਕਲਿਜੁਗੀ ਜੀਵ ਬੜੇ ਅਭਾਗੇ ਹਾਂ। ਉਸਨੇ ਮਨ ਵਿਚ ਬੜਾ ਗਿਲਾ ਕੀਤਾ ਤੇ ਨਿਰਾਸ ਰਹਿਣ ਲੱਗੀ। ਉਹਦੇ ਮਨ ਵਿਚ ਇਹ ਖਿਆਲ ਆ ਗਿਆ ਕਿ ਉਹਨਾਂ ਨੇ ਏਨੀ ਸੇਵਾ ਵੀ ਕੀਤੀ ਤੇ ਉਹਨਾਂ ਨੂੰ ਜੋ ਹੁਕਮ ਲਗਿਆ ਉਗਰਾਹੀ ਦਾ, ਉਹ ਵੀ ਦਿਤੀ ਸੀ ਤਾਂ ਵੀ ਨੁਕਸਾਨ ਹੋ ਗਿਆ, ਅਜੇਹਾ ਕਿਉਂ ?

ਉਸ ਦਾਤਾਰ ਪਾਤਸ਼ਾਹ ਨੇ ਏਥੇ ਵੀ ਬੀਬੀ ਦਾ ਮਨੋਬਲ ਡਿੱਗਣ ਨਾ ਦਿਤਾ। ਇਕ ਦਿਨ ਆਪ ਜੀ ਨੇ ਸੁਪਨੇ ਵਿਚ ਕ੍ਰਿਪਾ ਕਰਦਿਆਂ ਬੀਬੀ ਜੀ ਨੂੰ ਦੋ ਰੁਪਏ ਦਿਤੇ ਤੇ ਹੁਕਮ ਕੀਤਾ, "ਲਓ ਦੋ ਰੁਪਏ ਤੁਹਾਡਾ ਬਹੁਤ ਨੁਕਸਾਨ ਹੋ ਗਿਆ ਹੈ।"

ਬੀਬੀ ਨੇ ਆਪਣੀ ਮਾਤਾ ਨੂੰ ਫੋਨ ਕਰਦਿਆਂ ਦੱਸਿਆ ਕਿ ਸਾਡਾ ਏਨਾ ਨੁਕਸਾਨ ਹੋਇਆ ਹੈ ਤੇ ਪਾਤਸ਼ਾਹ ਜੀ ਸਿਰਫ ਦੋ ਰੁਪਏ ਦੇਕੇ ਸਾਡੇ ਅੱਥਰੂ ਪੂੰਝਦੇ ਹਨ। ਉਸਦੀ ਮਾਤਾ ਨੇ ਦਿਲਾਸਾ ਦਿੰਦਿਆਂ ਕਿਹਾ ਕਿ "ਕਾਂਤਾ ਤੂੰ ਫਿਕਰ ਨਾ ਕਰ, ਇਹ ਦੋ ਰੁਪਏ ਨਹੀਂ ਹਨ। ਪਾਤਸ਼ਾਹ ਨੇ ਤੇਰੇ 'ਤੇ ਅਰਬਾਂ ਖਰਬਾਂ ਦੀ ਕ੍ਰਿਪਾ ਕੀਤੀ ਹੈ।"

ਸੋ ਇਸ ਦੰਪਤੀ ਦਾ ਕਹਿਣਾ ਹੈ ਕਿ ਅੱਜ ਉਹਨਾਂ ਨੂੰ ਇਹ ਨਹੀਂ ਪਤਾ ਕਿ ਉਹਨਾਂ ਕੋਲ ਕਿੰਨਾ ਕੁ ਧਨ ਹੈ ? ਉਹ ਅਰਬਾਂ ਖਰਬਾਂ ਦੇ ਮਾਲਕ ਹਨ, ਉਹਨਾਂ ਦੇ ਤਨਜਾਨੀਆ ਵਿਚ ਹੀ ਕਈ ਪੈਟਰੋਲ ਪੰਪ ਹਨ ਤੇ ਉਹ ਆਪਣਾ ਪੈਟਰੋਲ ਸਾਫ ਕਰਕੇ ਤਿਆਰ ਕਰਦੇ ਹਨ ਤੇ ਵੇਚਦੇ ਹਨ। ਉਹਨਾਂ 'ਤੇ ਏਨੀ ਕ੍ਰਿਪਾ ਹੈ ਕਿ ਉਹ ਹਰ ਵਕਤ ਸ੍ਰੀ ਸਤਿਗੁਰੂ ਜੀ ਦੇ ਹੁਕਮ ਵਿਚ ਹੱਥ ਬੰਨ੍ਹੀ ਖੜ੍ਹੇ ਹਨ। ਸ੍ਰੀ ਭੈਣੀ ਸਾਹਿਬ ਆਕੇ ਮੇਲੇ ਵੀ ਕਰਵਾਉਂਦੇ ਹਨ।

ਭਰੋਸਾ ਏਨਾ ਹੈ ਕਿ ਉਹਨਾਂ ਦੇ ਘਰੋਂ ਬੀਬੀ ਕਾਂਤਾ ਨੇ ਦੱਸਿਆ ਕਿ ਇਕ ਵਾਰੀ ਉਹਨਾਂ ਦੇ ਕਾਕੇ ਦੀ ਤਬੀਅਤ ਜ਼ਿਆਦਾ ਖਰਾਬ ਹੋ ਗਈ। ਰਾਤ ਦਾ ਵੇਲਾ ਸੀ। ਰਾਤ ਦੇ ਨੌਂ ਕੁ ਵਜੇ ਸਨ। ਉਥੇ ਅਫਰੀਕਾ ਵਿਚ ਕਿਉਂਕਿ ਚੋਰੀ ਡਕੈਤੀ ਦਾ ਬਹੁਤ ਡਰ ਹੈ, ਇਸ ਕਰਕੇ ਲੋਕ ਅੱਠ ਨੌਂ ਵਜੇ ਤੋਂ ਬਾਅਦ ਬਾਹਰ ਨਹੀਂ ਨਿਕਲਦੇ। ਬੀਬੀ ਬੱਚੇ ਨੂੰ ਕਿਥੇ ਲੈ ਕੇ ਜਾਏ ? ਭਰੋਸਾ ਨਾਮ ਸਿਮਰਨ ਤੇ ਏਨਾ ਕਿ ਬੀਬੀ ਨੇ ਸੋਚਿਆ ਕਿ ਬੱਚੇ ਦੇ ਬਾਬੂ ਜੀ ਪਾਠ ਕਰਦੇ ਹਨ ਕਿਉਂ ਨਾ ਬੱਚਾ ਉਹਨਾਂ ਦੀ ਗੋਦੀ ਵਿਚ ਪਾ ਦੇਵੇ ? ਉਸ ਨੇ ਬੱਚਾ ਉਹਨਾਂ ਦੀ ਗੋਦੀ ਵਿਚ ਪਾ ਦਿਤਾ। ਬੱਚਾ ਬਿਲਕੁਲ ਠੀਕ ਹੋ ਗਿਆ। ਇਹ ਸੀ ਉਹਦਾ ਭਜਨ-ਬਾਣੀ, ਉਸਦਾ ਦ੍ਰਿੜ੍ਹ ਵਿਸ਼ਵਾਸ। ਉਹਨਾਂ ਦਾ ਕਹਿਣਾ ਹੈ ਕਿ ਉਹਨਾਂ ਦੇ ਦੋਵੇਂ

ਲੜਕੇ ਇੰਗਲੈਂਡ ਵਿਚ ਹੀ ਪੜ੍ਹੇ ਹਨ। ਛੋਟਾ ਲੜਕਾ ਤਾਂ (ਜਿਹਦੇ ਬੁਖਾਰ ਬਾਰੇ ਦੱਸ ਚੁੱਕੇ ਹਾਂ) ਸਿੱਧੀ ਦਸਤਾਰ ਰਖਦਾ ਹੈ ਤੇ ਉਸ ਦਾੜ੍ਹੀ ਕੇਸ ਰੱਖੇ ਹੋਏ ਹਨ। ਭਜਨ-ਬਾਣੀ ਲੜਕੀਆਂ ਵੀ ਕਰਦੀਆਂ ਹਨ ਤੇ ਆਪਣੇ ਸਹੁਰੇ ਪ੍ਰਵਾਰ ਵਿਚ ਖੁਸ਼ ਹਨ। ਇਹ ਸਾਖੀ ਉਸ ਪਰਵਾਰ ਦੀ ਹੈ ਜਿਹਨਾਂ ਨੂੰ ਸ੍ਰੀ ਸਤਿਗੁਰੂ ਜੀ, ਜੇ ਦਿਨ ਨੂੰ ਰਾਤ ਕਹਿਣ ਤਾਂ ਉਸੇ ਤਰ੍ਹਾਂ ਹੀ ਕਹਿਕੇ ਆਪਣੇ ਆਪ ਨੂੰ ਵਡਭਾਗੀ ਸਮਝਦੇ ਹਨ। ਧੰਨ ਹਨ ਸ੍ਰੀ ਸਤਿਗੁਰੂ ਜੀ ਅਤੇ ਉਨ੍ਹਾਂ ਦੇ ਸਿਦਕੀ ਸਿੱਖ।

ਦੂਸਰੀ ਸਾਖੀ :-

ਇਹ ਘਟਨਾ ਸੰਨ 1986-87 ਦੀ ਹੈ। ਸ੍ਰੀ ਤਰਸੇਮ ਚੰਦ ਜੀ ਦੱਸਦੇ ਹਨ ਕਿ ਉਹਨਾਂ ਨੂੰ ਇਕ ਵਾਰੀ ਇੰਡੀਆ ਆਉਣ ਦਾ ਮੌਕਾ ਮਿਲਿਆ। ਉਹ ਸ੍ਰੀ ਭੈਣੀ ਸਾਹਿਬ ਦੀ ਧਰਤੀ ਤੇ ਸ੍ਰਿਸ਼ਟੀ ਦੇ ਮਾਲਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਪਰਸਨ ਲਈ ਗਏ। ਪਾਤਸ਼ਾਹ ਜੀ ਸ੍ਰੀ ਜੀਵਨ ਨਗਰ ਦੇ ਦੌਰੇ ਤੇ ਜਾਣ ਲਈ ਤਿਆਰ ਸਨ। ਸ੍ਰੀ ਤਰਸੇਮ ਚੰਦ ਅਗਰਵਾਲ ਨੂੰ ਵੀ ਪਾਤਸ਼ਾਹ ਜੀ ਦੌਰੇ 'ਤੇ ਨਾਲ ਲੈ ਗਏ। ਸ੍ਰੀ ਜੀਵਨ ਨਗਰ ਦੇ ਪਿੰਡਾਂ ਦਾ ਦੌਰਾ ਕਰਦਿਆਂ, ਸਾਧ ਸੰਗਤ ਨੂੰ ਦਰਸ਼ਨ ਦੇ ਦੇਕੇ ਨਿਵਾਜਦਿਆਂ ਨਿਵਾਜਦਿਆਂ ਪਾਤਸ਼ਾਹ ਜੀ ਸੰਤ ਨਗਰ ਆਣ ਪੁੱਜੇ। ਸੰਤ ਨਗਰ ਦੇ ਖੇਤਾਂ ਵਿਚ ਕਾਮੇ ਕੰਮ ਕਰ ਰਹੇ ਸਨ। ਇਕ ਬਜੁਰਗ ਸਿੱਖ ਨੂੰ ਪਾਤਸ਼ਾਹ ਜੀ ਨੇ ਉਹਦਾ ਨਾਮ ਲੈਕੇ ਆਵਾਜ਼ ਦਿਤੀ ਤੇ ਬਚਨ ਕੀਤਾ, ''ਕੀ ਹਾਲ ਹੈ ਤੇਰਾ।''

ਉਸ ਸਿੱਖ ਨੇ ਕੋਲ ਆਣ ਸਨਿਮਰ ਅਰਜ਼ ਕੀਤੀ ''ਪਾਤਸ਼ਾਹ ਜੀ ! ਹਾਲ ਕੀ ਪੁੱਛਦੇ ਹੋ, ਅੱਖਾਂ ਤੋਂ ਦਿੱਸਦਾ ਨਹੀਂ। ਜੇ ਦਿੱਸਦਾ ਹੋਵੇ ਤਾਂ ਮੈਂ ਵੀ ਆਪ ਜੀ ਦੇ ਦਰਸ਼ਨ ਕਰ ਲਵਾਂ ਜੀ।''

ਪਾਤਸ਼ਾਹ ਜੀ ਨੇ ਬਖ਼ਸ਼ਿਸ਼ ਕਰਦਿਆਂ ਹੁਕਮ ਕੀਤਾ, ''ਆਹ ਖੇਤਾਂ ਦੀ ਮਿੱਟੀ ਆਪਣੀਆਂ ਅੱਖਾਂ ''ਤੇ ਲਾ, ਤੈਨੂੰ ਦਿੱਸਣ ਲੱਗ ਪਵੇਗਾ।''

ਭਲਾ ਦੱਸੋ, ਕੋਈ ਦਵਾਈ ਜਾਂ ਜਲ ਵਗੈਰਾ ਪਾਕੇ ਤਾਂ ਕ੍ਰਿਪਾ ਹੋ ਹੀ ਜਾਂਦੀ ਹੈ - ਮਿੱਟੀ ਲਾ ਕੇ ਕਿਸ ਤਰ੍ਹਾਂ ? ਪਰ ਹੋਇਆ ਇੰਜ ਹੀ ਪਾਤਸ਼ਾਹ ਜੀ ਨੇ ਏਨਾ ਕਹਿਕੇ ਛੇਤੀ ਨਾਲ ਗੱਡੀ ਅੱਗੇ ਤੋਰੀ। ਸਿੱਖ ਨੇ ਹੁਕਮ ਮੰਨਕੇ ਖੇਤਾਂ ਦੀ ਮਿੱਟੀ ਚੁੱਕ ਕੇ ਆਪਣੀਆਂ ਅੱਖਾਂ 'ਤੇ ਲਾ ਲਈ। ''ਹੁਕਮ ਮੰਨਿਆ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ।'' ਦੇ ਮਹਾਵਾਕ ਅਨੁਸਾਰ ਉਸ ਸਿੱਖ ਨੂੰ ਦਿੱਸਣ ਲੱਗ ਪਿਆ। ਉਸਨੇ ਅਕਾਲ ਪੁਰਖ ਸਤਿਗੁਰੂ ਜੀ ਦੇ ਆਣ ਦਰਸ਼ਨ ਕੀਤੇ। ਧੰਨ ਹਨ ਹੁਕਮ ਮੰਨਣ ਵਾਲੇ ਸਿੱਖ । ਪਰ ਇਥੇ ਉਸ ਅਕਾਲ ਪੁਰਖ ਦੀ ਕ੍ਰਿਪਾ ਹੈ ਜਿਹੜਾ ਮਨੁੱਖਾ-ਦੇਹ ਧਾਰ ਕੇ ਇਸ ਧਰਤੀ ਦੇ ਜੀਵਾਂ ਦਾ ਉਧਾਰ ਕਰਨ ਲਈ ਭਾਰਤ-ਭੂਮੀ ਤੇ ਆਇਆ ਹੈ। ਧੰਨ ਹਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ !

ਤੀਜੀ ਸਾਖੀ :-

ਸ੍ਰੀ ਤਰਸੇਮ ਚੰਦ ਹੁਰੀਂ ਆਪਣੀ ਇਕ ਹੱਡ-ਬੀਤੀ ਵਾਰਤਾ ਜੋ ਕਿ ਹੁਣੇ ਹੁਣੇ ਹੀ ਸੰਨ 2003 ਵਿਚ ਦਿੱਲੀ ਵਿਖੇ ਵਾਪਰੀ, ਸੁਣਾਉਂਦੇ ਹਨ :

ਉਹ ਦੱਸਦੇ ਹਨ ਕਿ ਸ੍ਰੀ ਸਤਿਗੁਰੂ ਜੀ ਦੀ ਖੱਬੀ ਲੱਤ ਤੇ ਖੱਬੇ ਚਰਨ ਦਾ ਆਪਰੇਸ਼ਨ ਹੋਣਾ ਸੀ-ਦਿੱਲੀ ਐਸਕਾਰਟ ਹਸਪਤਾਲ ਵਿਚ। ਸੱਚੇ ਪਾਤਸ਼ਾਹ ਜੀ 5 ਜੂਨ 2003 ਨੂੰ ਦਿੱਲੀ ਆਏ ਤੇ 27 ਜੂਨ 2003 ਤਕ ਦਿੱਲੀ ਰਹੇ। ਪਹਿਲਾਂ ਐਸਕਾਰਟ ਹਸਪਤਾਲ ਵਿਚ ਤੇ ਫੇਰ 13 ਤਾਰੀਖ ਤੋਂ 27 ਤਾਰੀਖ ਤਕ ਮਾਨਸਰੋਵਰ ਗਾਰਡਨ, ਨਵੀਂ ਦਿੱਲੀ ਆਪਣੇ ਨਿਵਾਸ ਸਥਾਨ ਵਿਚ ਹੀ ਸਾਧ ਸੰਗਤ ਨੂੰ ਦਰਸ਼ਨ ਦੇਕੇ ਨਿਵਾਜਦੇ ਰਹੇ। ਸੱਚੇ ਪਾਤਸ਼ਾਹ ਜੀ ਨੇ ਐਸਕਾਰਟ ਹਸਪਤਾਲ ਵਿਚ ਹੀ ਰੋਜ਼ਾਨਾ ਸੱਤ ਅੱਠ ਸੌ ਮਰੀਜਾਂ ਤੇ ਡਾਕਟਰਾਂ ਨੂੰ ਦਰਸ਼ਨ ਦਿਤੇ। ਆਪਰੇਸ਼ਨ ਤਾਂ ਐਵੇਂ ਇਕ ਬਹਾਨਾ ਸੀ। ਏਸ ਬਹਾਨੇ ਪਤਾ ਨਹੀਂ ਕਿੰਨੇ ਕੁ ਦੁਖੀਆਂ ਗਰੀਬਾਂ, ਡਾਕਟਰਾਂ, ਨਰਸਾਂ, ਰੋਗੀਆਂ ਦੇ ਦੁਖ ਦੂਰ ਕਰਨੇ ਸਨ। ਜਿਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਜਾਕੇ ਜੀਵਾਂ ਦਾ ਉਧਾਰ ਕਰਦੇ ਸਨ। ਉਸੇ ਤਰ੍ਹਾਂ ਹੀ ਬਾਰ੍ਹਵੇਂ ਰੂਪ ਦੇ ਉਤਰਾਧਿਕਾਰੀ ਸ੍ਰੀ ਸਤਿਗੁਰੂ ਜੀ ਦੁਖੀਆਂ ਗਰੀਬਾਂ ਤੇ ਕ੍ਰਿਪਾ ਕਰਦੇ ਹਨ।

ਸ੍ਰੀ ਤਰਸੇਮ ਚੰਦ ਜੀ ਨੇ ਆਪਣੇ ਬੱਚਿਆਂ ਤੇ ਪਤਨੀ ਬੀਬੀ ਕਾਂਤਾ ਸਮੇਤ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਦਾ ਪ੍ਰੋਗਰਾਮ ਬਣਾ ਲਿਆ। 17 ਜੂਨ ਨੂੰ ਉਹਨਾਂ ਨੇ ਸ੍ਰੀ ਸਤਿਗੁਰੂ ਜੀ ਦੀ ਪ੍ਰਵਾਨਗੀ ਲੈਕੇ ਕਾਕੇ ਦਾ ਆਨੰਦ ਕਾਰਜ ਦਿੱਲੀ ਵਿਖੇ ਕੀਤਾ। ਲੜਕੀ ਕਲਕੱਤੇ ਦੀ ਸੀ। ਪਾਤਸ਼ਾਹ ਜੀ ਨੇ ਹੁਕਮ ਕੀਤਾ -

''ਲੜਕੀ ਨੂੰ ਪੱਕੀ ਤਰ੍ਹਾਂ ਕਹਿ ਦਿਓ ਕਿ ਉਹ ਕੁਝ ਵੀ (ਮਾਸ ਆਦਿ) ਖਾਏ ਪੀਏਗੀ ਨਹੀਂ।'' ਲੜਕੀ ਨੇ ਪ੍ਰਵਾਨ ਕੀਤਾ। ਆਨੰਦ ਕਾਰਜ ਤੋਂ ਬਾਅਦ ਸ੍ਰੀ ਤਰਸੇਮ ਚੰਦ ਆਪਣੇ ਲੜਕੇ ਅਤੇ ਨੂੰਹ ਨੂੰ ਨਾਲ ਲੈਕੇ ਸਤਿਗੁਰੂ ਜੀ ਦਾ ਆਸ਼ੀਰਵਾਦ ਲੈਣ 18 ਜੂਨ 2003 ਨੂੰ ਸੱਚੇ ਪਾਤਸ਼ਾਹ ਜੀ ਦੇ ਨਿਵਾਸ ਸਥਾਨ ਤੇ ਆਏ। ਪਾਤਸ਼ਾਹ ਜੀ ਦਾ ਦਰਸ਼ਨ ਕੀਤਾ। ਹੁਕਮ ਅਨੁਸਾਰ ਨੂੰਹ ਨੂੰ ਭਜਨ ਦੁਆਇਆ। ਪਾਤਸ਼ਾਹ ਜੀ ਨੇ ਸ੍ਰੀ ਤਰਸੇਮ ਚੰਦ ਇਕੱਲਿਆਂ ਨੂੰ ਆਪਣੇ ਕੋਲ ਬੁਲਾਇਆ। ਸ੍ਰੀ

ਤਰਸੇਮ ਚੰਦ ਜੀ ਅੱਗੇ ਜਾਕੇ ਪਾਤਸ਼ਾਹ ਜੀ ਦੇ ਕੋਲ ਚਰਨਾਂ ਵਿਚ ਬੈਠ ਗਏ। ਪਾਤਸ਼ਾਹ ਜੀ ਨੇ ਕ੍ਰਿਪਾ ਕੀਤੀ - ਸ੍ਰੀ ਤਰਸੇਮ ਚੰਦ ਜੀ ਦੇ ਕੰਨ ਵਿਚ ਫੂਕ ਮਾਰੀ ਤੇ ਬਚਨ ਕੀਤਾ - "ਘਬਰਾਈਂ ਨਾ, ਸਤਿਗੁਰੂ ਜੀ ਤੇਰੀ ਰੱਖਿਆ ਕਰਨਗੇ, ਐਵੇਂ ਡੋਲ ਨਾ ਜਾਈਂ ਕਿਤੇ। ਜਾਹ, ਤੈਨੂੰ ਖੁਸ਼ੀਆਂ।"

"ਸਤਿ ਬਚਨ" ਕਹਿ ਕੇ ਸ੍ਰੀ ਤਰਸੇਮ ਚੰਦ ਜੀ ਵਾਪਸ ਹੋਟਲ ਵੱਲ ਨੂੰ ਹੋ ਤੁਰੇ ਜਿਥੇ ਉਹ ਠਹਿਰੇ ਹੋਏ ਸਨ।

ਉਹ ਜਦੋਂ ਅਜੇ ਦਰਸ਼ਨ ਕਰਨ ਜਾ ਹੀ ਰਹੇ ਸਨ ਤਾਂ ਰਸਤੇ ਵਿਚ ਹੀ ਉਹਨਾਂ ਦੀ ਜ਼ੁਬਾਨ ਥੋੜ੍ਹੀ ਲੜ-ਖੜਾ ਰਹੀ ਸੀ। ਇਹ ਕਿਸੇ ਮੁਸੀਬਤ ਦੇ ਆਉਣ ਦਾ ਇਸ਼ਾਰਾ ਸੀ। ਵਾਪਸ ਪਰਤਦਿਆਂ ਸ੍ਰੀ ਤਰਸੇਮ ਚੰਦ ਜੀ ਦੇ ਮਨ ਵਿਚ ਆਉਣ ਲੱਗਾ ਕਿ ਕੋਈ ਭਿਅੰਕਰ ਮੁਸੀਬਤ ਆਉਣ ਵਾਲੀ ਹੈ, ਜੋ ਪਾਤਸ਼ਾਹ ਜੀ ਨੇ ਮੈਨੂੰ ਆਉਣ ਵਾਲੀ ਮੁਸੀਬਤ ਤੋਂ ਆਗਾਹ ਕੀਤਾ ਹੈ। ਉਹ ਆਪਣੇ ਮਨ ਵਿਚ ਹੀ ਸੋਚਦੇ ਰਹੇ, ਘਰ-ਵਾਲੀ ਨੂੰ ਨਾ ਦੱਸਿਆ। ਜਦੋਂ ਉਹ ਵਾਪਸ ਹੋਟਲ ਵਿਚ ਪਹੁੰਚੇ ਤਾਂ ਰਾਤ ਤਕ ਉਹਨਾਂ ਦੀ ਜ਼ੁਬਾਨ ਬਿਲਕੁਲ ਬੰਦ ਹੋ ਗਈ। ਇਹਨਾਂ ਦਾ ਸੱਜਾ ਪਾਸਾ ਬਿਲਕੁਲ ਬੇਜਾਨ ਹੋ ਗਿਆ ਤੇ ਦਿਸਣੋਂ ਵੀ ਬੰਦ ਹੋ ਗਿਆ। ਗੱਲ ਕੀ ਉਹ ਬੇਹੋਸ਼ੀ (ਕੋਮਾ) ਵਿਚ ਚਲੇ ਗਏ। ਹਸਪਤਾਲ ਵਿਚ ਆਈ.ਸੀ.ਯੂ. ਵਿਚ ਤਿੰਨ ਦਿਨ ਪਏ ਰਹੇ। ਡਾਕਟਰਾਂ ਨੇ ਆਪਣੇ ਵਲੋਂ ਰਾਤ ਨੂੰ ਮ੍ਰਿਤ ਘੋਸ਼ਿਤ ਕਰ ਦਿਤਾ। ਸੱਚੇ ਪਾਤਸ਼ਾਹ ਜੀ ਦਾ ਚਮਤਕਾਰ ਹੀ ਸੀ ਜੋ ਸਵੇਰੇ ਵੇਖਿਆ ਤਾਂ ਤਰਸੇਮ ਚੰਦ ਬਿਸਤਰੇ ਤੇ ਠੀਕ ਠਾਕ ਬੈਠੇ ਹੋਏ ਸਨ। ਹੌਲੀ ਹੌਲੀ ਗੱਲਬਾਤ ਵੀ ਕਰ ਰਹੇ ਸਨ। ਡਾਕਟਰ ਹੈਰਾਨ ਹੋ ਗਏ। ਦੋ ਤਿੰਨ ਦਿਨ ਉਹਨਾਂ ਨੂੰ ਜਨਰਲ ਵਾਰਡ ਵਿਚ ਰੱਖਿਆ ਗਿਆ ਤੇ ਤਿੰਨ ਦਿਨਾਂ ਬਾਅਦ ਛੁੱਟੀ ਦੇ ਦਿਤੀ। ਡਾਕਟਰ ਹੈਰਾਨ ਸਨ ਕਿ ਪੰਜ ਛੇ ਦਿਨਾਂ ਵਿਚ ਹੀ ਐਨੀ ਤਬਦੀਲੀ (Recovery) ਇਹ ਤਾਂ ਸਿਰਫ ਸ੍ਰੀ ਸਤਿਗੁਰੂ ਜੀ ਦੀ ਹੀ ਕ੍ਰਿਪਾ ਸੀ।

ਸ੍ਰੀ ਤਰਸੇਮ ਚੰਦ ਜੀ ਦਾ ਕਹਿਣਾ ਹੈ ਕਿ ਇਕ ਵਾਰੀ ਪਹਿਲਾਂ ਵੀ ਉਹ ਐਨੇ ਬੀਮਾਰ ਹੋ ਗਏ ਸਨ ਕਿ ਬਚਣ ਦੀ ਕੋਈ ਉਮੀਦ ਨਾ ਰਹੀ। ਉਹਨਾਂ ਨੇ ਆਪਣੀ ਘਰਵਾਲੀ ਤੇ ਬੱਚਿਆਂ ਨੂੰ ਸਾਰਾ ਹਿਸਾਬ-ਕਿਤਾਬ ਦੱਸ ਦਿਤਾ - ਜੋ ਕੁੱਝ ਕਿਸੇ ਕੋਲੋਂ ਲੈਣਾ ਸੀ। ਕਹਿਣ ਲੱਗੇ - ਮੈਂ ਆਪਣੇ ਵਲੋਂ ਤੇ ਦੇਣਾ ਕੁੱਝ ਨਹੀਂ, ਪਰ ਸਾਰਾ ਹਿਸਾਬ ਕਿਤਾਬ ਹੁਣ ਤੁਹਾਡੇ ਹਵਾਲੇ ਹੈ, ਮੇਰਾ ਕੁੱਝ ਪਤਾ ਨਹੀਂ।"

ਐਨੇ ਨੂੰ ਸ੍ਰੀ ਸਤਿਗੁਰੂ ਜੀ ਰਾਤ ਨੂੰ ਸੁਪਨੇ ਵਿਚ ਸ੍ਰੀ ਤਰਸੇਮ ਚੰਦ ਨੂੰ ਦਰਸ਼ਨ ਦਿੰਦੇ ਹਨ ਤੇ ਹੁਕਮ ਕਰਦੇ ਹਨ -

"ਤੂੰ ਘਬਰਾ ਨਾ। ਤੈਨੂੰ ਮੈਂ ਸੌ ਸਾਲ ਉਮਰ ਦਿਤੀ ਹੈ।" ਧੰਨ ਹਨ ਉਹ ਬੇਅੰਤ ਪਾਤਸ਼ਾਹ । ਜਨਮ ਤੇ ਮੌਤ ਉਹਦੇ ਹੁਕਮ ਦੀ ਕਾਰ ਹਨ। ਸੋ ਸ੍ਰੀ ਤਰਸੇਮ ਚੰਦ ਜੀ ਨੂੰ ਭਰੋਸਾ ਹੈ ਕਿ ਉਹ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਅਜੇ ਕਿਤੇ ਨਹੀਂ ਜਾਣ ਵਾਲੇ। ਫਿਰ ਉਹਨਾਂ ਨੇ ਆਪਣੀ ਘਰਵਾਲੀ ਨੂੰ ਸਾਰੀ ਵਾਰਤਾ ਕੰਨ ਵਿਚ ਫੂਕ ਮਾਰਕੇ ਹੌਂਸਲਾ ਦੇਣ ਵਾਲੀ ਗੱਲ ਕਹਿ ਸੁਣਾਈ ਤੇ ਜਿੱਦਾਂ ਹੀ ਪਾਤਸ਼ਾਹ ਜੀ ਨੇ ਖੁਸ਼ੀਆਂ ਬਖਸ਼ੀਆਂ, ਉਹ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਲੈਕੇ ਇਕ ਵਾਰੀ ਫੇਰ ਪਾਤਸ਼ਾਹ ਜੀ ਦੇ ਦਰਸ਼ਨ ਕਰਕੇ ਆਪਣੇ ਆਪ ਨੂੰ ਸੁਭਾਗਾ ਜਾਣ ਛੁੱਟੀਆਂ ਲੈਕੇ ਵਾਪਸ ਜੁਲਾਈ ਨੂੰ ਤਨਜਾਨੀਆ ਚਲੇ ਗਏ। ਇਸ ਦੌਰਾਨ ਉਹ ਅੱਠ-ਦਸ ਦਿਨ ਇਹਨਾਂ ਸੱਤਰਾਂ ਦੇ ਲੇਖਕ ਨਾਲ ਹੀ ਰਹੇ। ਧੰਨ ਹਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ।

ਸਾਧ ਸੰਗਤ ਜੀ ਜਦੋਂ ਸ੍ਰੀ ਤਰਸੇਮ ਚੰਦ ਜੀ ਆਪਣੀਆਂ ਹੱਡ-ਬੀਤੀਆਂ ਹਕੀਕਤਾਂ ਸੁਣਾ ਰਹੇ ਸਨ ਤੇ ਉਹਨਾਂ ਦੇ ਅੱਥਰੂ ਡੁਲ ਰਹੇ ਸਨ। ਉਹ ਜੋਰ ਜੋਰ ਦੀ ਸਿਸਕ ਰਹੇ ਸਨ। ਉਸ ਕਰਤਾਰ ਦੀਆਂ ਕੀਰਤੀਆਂ ਦਾ ਵਰਨਣ ਕਰਦਿਆਂ ਉਹਨਾਂ ਦੇ ਬੁਲ੍ਹ ਫਰਕ ਰਹੇ ਸਨ ਤੇ ਹੰਝੂ ਭਰੀਆਂ ਅੱਖਾਂ ਵਿਚੋਂ ਵੀ ਖੁਸ਼ੀ ਦਰਸਾ ਰਹੇ ਸਨ।

ਸਤਿਗੁਰ ਸਿਖ ਕੀ ਕਰੇ ਪ੍ਰਿਤਪਾਲ

- ਸੰਤ ਭੁਪਿੰਦਰ ਸਿੰਘ ਜੀ ਭੁਰਜੀ, ਨਿਊਯਾਰਕ (ਅਮਰੀਕਾ)

ਸੰਤ ਭੁਪਿੰਦਰ ਸਿੰਘ ਭੁਰਜੀ ਜੀ ਦੱਸਦੇ ਹਨ ਕਿ ਪਰਵਾਰਕ ਤੌਰ ਤੇ ਉਹ ਦਾਦਿਓਂ ਬਾਬਿਓਂ ਨਾਮਧਾਰੀ ਹਨ। ਉਹਨਾਂ ਦੇ ਪਿਤਾ ਜੀ ਨਾਮਧਾਰੀ ਪੰਥ ਦਾ ਪ੍ਰਚਾਰ ਸਾਰਾ ਸਾਰਾ ਦਿਨ ਗੁੜ ਤੇ ਛੋਲੇ ਖਾਕੇ ਕਰਦੇ ਸਨ। ਕਹਿਣ ਦਾ ਭਾਵ ਹੈ ਕਿ ਪੰਥ ਦੇ ਪ੍ਰਚਾਰ ਦੀ ਲਗਨ ਏਨੀ ਸੀ ਕਿ ਖਾਣ-ਪੀਣ ਦਾ ਵੀ ਕੋਈ ਖਿਆਲ ਨਹੀਂ ਸੀ ਹੁੰਦਾ। ਪਿਤਾ ਜੀ ਦੀ ਅਣਥਕ ਸੇਵਾ ਸਦਕਾ ਹੀ ਭੁਪਿੰਦਰ ਸਿੰਘ ਜੀ ਭੁਰਜੀ ਨੂੰ ਸਤਿਗੁਰੂ ਜੀ ਦੀ ਏਨੀ ਨੇੜਤਾ ਪ੍ਰਾਪਤ ਹੋਈ। ਸੰਨ 1969 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਭੁਰਜੀ ਜੀ ਦੇ ਪਿਤਾ ਸੰਤ ਹੁਕਮ ਸਿੰਘ ਭੁਰਜੀ ਜੀ ਨੂੰ ਹੁਕਮ ਦਿਤਾ - ''ਮੈਂ ਤੇਰੇ ਛੋਟੇ ਲੜਕੇ ਨੂੰ ਨਿੱਜੀ ਸਕੱਤਰ ਦੇ ਤੌਰ ਤੇ ਆਪਣੇ ਪਾਸ ਰੱਖਣਾ ਚਾਹੁੰਦਾ ਹਾਂ।''

ਇਹ ਬਚਨ ਭੁਰਜੀ ਜੀ ਨੂੰ ਉਨ੍ਹਾਂ ਦੇ ਪਿਤਾ ਜੀ ਨੇ ਸੁਣਾਏ ਸਨ। ਸੰਨ 1971 ਵਿਚ ਹੀ ਉਨ੍ਹਾਂ ਨੂੰ ਸ੍ਰੀ ਜੀਵਨ ਨਗਰ ਜਾਣ ਦਾ ਹੁਕਮ ਹੋ ਗਿਆ। ਉਥੇ ਗਏ ਤਾਂ ਵੱਡੇ ਠਾਕੁਰ ਜੀ ਨੇ ਦੱਸਿਆ ਕਿ ਇਥੇ ਇਕ ਫਾਰਮੇਸੀ ਬਣਾਉਣ ਦਾ ਸਤਿਗੁਰੂ ਜੀ ਵਲੋਂ ਹੁਕਮ ਹੈ। ਭੁਰਜੀ ਜੀ ਉਥੇ ਫਾਰਮੇਸੀ ਬਣਾਉਣ ਦਾ ਇੰਤਜਾਮ ਕਰਨ ਲਗ ਪਏ। ਠਾਕੁਰ ਜੀ ਨੇ ਉਨ੍ਹਾਂ ਨੂੰ ਉਥੇ ਮੈਨੇਜਰ ਬਣਾ ਦਿਤਾ। ਡੇਢ ਸਾਲ ਉਥੇ ਰਹੇ ਫੇਰ ਬੰਗਲੌਰ ਜਾਣ ਦਾ ਸਤਿਗੁਰੂ ਜੀ ਵਲੋਂ ਹੁਕਮ ਹੋਇਆ। ਬੰਗਲੌਰ ਦਾ ਫਾਰਮ ਅਜੇ ਨਵਾਂ ਨਵਾਂ ਖਰੀਦਿਆ ਸੀ ਤੇ ਉਥੇ ਅਜੇ ਖਾਸ ਸਾਧ ਸੰਗਤ ਨਹੀਂ ਸੀ। ਪਹਿਲੀ ਵਿਸਾਖ 1974 ਨੂੰ ਜਦ ਭੁਰਜੀ ਜੀ ਉਥੇ ਪਹੁੰਚੇ ਤਾਂ ਕਰਮ ਸਿੰਘ ਡਰਾਈਵਰ ਨਾਲ ਸੀ। ਪੂਰਾ ਇਕ ਸਾਲ ਉਨ੍ਹਾਂ ਲੋਕਾਂ ਦੀ ਦੇਖਰੇਖ ਵਿਚ ਕੰਮ ਕੀਤਾ, ਜਿਹਨਾਂ ਕੋਲੋਂ ਫਾਰਮ ਖਰੀਦਿਆ ਗਿਆ ਸੀ। ਭੁਰਜੀ ਜੀ ਨੇ ਢਾਈ ਕੁ ਸਾਲ ਗੁਜਾਰੇ ਬੰਗਲੌਰ ਵਿਚ। ਫਿਰ ਸੱਚੇ ਪਾਤਸ਼ਾਹ ਜੀ ਦਾ ਹੁਕਮ ਹੋਇਆ - ''ਚੰਡੀਗੜ੍ਹ ਸੈਸ਼ਨ ਹੋ ਰਿਹਾ ਹੈ ਉਥੇ ਪਹੁੰਚੋ।'' ਭੁਰਜੀ ਜੀ ਚੰਡੀਗੜ੍ਹ ਪਹੁੰਚ ਗਏ। ਫਿਰ ਪਹਿਲੀ ਜਨਵਰੀ ਨੂੰ ਸੱਚੇ ਪਾਤਸ਼ਾਹ ਜੀ ਨੇ ਭੁਰਜੀ ਜੀ ਨੂੰ ਕੋਲ ਖੜਿਆਂ ਵੇਖਕੇ ਹੁਕਮ ਕੀਤਾ, ਗੱਡੀ ਵਿਚ ਬੈਠੋ।'' ਭੁਰਜੀ ਜੀ ਗੱਡੀ ਵਿਚ ਬੈਠ ਗਏ। ਨਾਲ ਪੂਰਬਾ ਜੀ ਬੈਠੇ ਸਨ। ਸੱਚੇ ਪਾਤਸ਼ਾਹ ਜੀ ਆਪ ਅਗਲੀ ਸੀਟ ਤੇ ਸੁਸ਼ੋਭਤ ਸਨ। ਗੱਡੀ ਫਿਲੌਰ ਦੇ ਲਾਗੇ ਸ਼ਾਹਪੁਰ ਆਕੇ ਰੁੱਕ ਗਈ। ਸ਼ਾਹਪੁਰ ਸਵਰਨ ਸਿੰਘ ''ਸਨੇਹੀ'' ਰਹਿੰਦੇ ਸਨ। ਉਹ ਨਾਮਧਾਰੀ ਪੰਥ ਦੇ ਬਹੁਤ ਹੀ ਨਾਮਵਰ ਹਸਤੀ ਹਨ। ਕਾਫੀ ਪੜ੍ਹੇ ਲਿਖੇ ਹਨ, ਉਨ੍ਹਾਂ ਨੇ ਰਿਸਰਚ ਦਾ ਕਾਫੀ ਕੰਮ ਕੀਤਾ ਹੈ। ਸੱਚੇ ਪਾਤਸ਼ਾਹ ਜੀ ਦੇ ਨਾਲ ਰਹਿਕੇ ਬਹੁਤ ਅਧਿਐਨ ਕੀਤਾ ਹੈ। ਸੱਚੇ ਪਾਤਸ਼ਾਹ ਜੀ ਨੇ ਉਥੇ ਗੱਡੀ ਰੁਕਵਾ ਕੇ ਸਨੇਹੀ ਜੀ ਨੂੰ ਹੁਕਮ ਕੀਤਾ - ''ਇਹ ਭੁਰਜੀ ਹੈ, ਹੁਣ ਤੋਂ ਚਿੱਠੀ ਪੱਤਰ ਦਾ ਜੋ ਵੀ ਜੁਆਬ ਦੇਣਾ ਹੈ, ਇਹ ਦਿਆ ਕਰੇਗਾ। ਇਸ ਨੂੰ ਸਭ ਕਾਗਜ਼ ਪੱਤਰ ਦੇ ਦਿਓ।''

ਸਨੇਹੀ ਜੀ ਨੇ ਸਾਰੀਆਂ ਚਿੱਠੀਆਂ, ਕਾਗਜ ਪੱਤਰ ਭੁਰਜੀ ਜੀ ਨੂੰ ਫੜਾ ਦਿਤੇ ਤੇ ਫਿਰ ਵਾਪਸ ਭੈਣੀ ਸਾਹਿਬ ਆ ਗਏ। ਕੁੱਝ ਸਾਲ ਭੁਰਜੀ ਜੀ ਸ੍ਰੀ ਸਤਿਗੁਰੂ ਜੀ ਦੇ ਨਿੱਜੀ ਸਕੱਤਰ ਦੇ ਤੌਰ ਤੇ ਚਿੱਠੀ ਪੱਤਰਾਂ ਦੇ ਜੁਆਬ ਦਿੰਦੇ ਰਹੇ। ਉਹਨਾਂ ਦਿਨਾਂ ਵਿਚ ਇੰਗਲੈਂਡ ਵਿਚ ਬਾਰਿਸ਼ ਨਹੀਂ ਪੈ ਰਹੀ ਸੀ। ਪਾਣੀ ਦਾ ਕਾਲ ਪੈ ਗਿਆ ਤਾਂ ਸੱਚੇ ਪਾਤਸ਼ਾਹ ਜੀ ਨੇ ਕੌਤਕ ਰਚਿਆ। ਬਾਰਿਸ਼ ਪੁਆਈ ਪਰ ਆਪਣਾ ਨਾਮ ਤਕ ਨਹੀਂ ਆਣ ਦਿਤਾ। ਉਹਨਾਂ ਗੋਰਿਆਂ ਦੀਆਂ ਫਿਰ ਦੁਬਾਰਾ ਚਿੱਠੀਆਂ ਆਉਣੀਆਂ ਸ਼ੁਰੂ ਹੋ ਗਈਆਂ ਕਿ ''ਸੱਚੇ ਪਾਤਸ਼ਾਹ ਜੀ ਕ੍ਰਿਪਾ ਕਰੋ ਕਿ ਬਾਰਿਸ਼ ਬੰਦ ਹੋ ਜਾਵੇ, ਕਿਉਂਕਿ ਬਾਰਿਸ ਜ਼ਿਆਦਾ ਹੋਣ ਨਾਲ ਹੜ੍ਹ ਆ ਰਹੇ ਹਨ।'' ਸੱਚੇ ਪਾਤਸ਼ਾਹ ਜੀ ਨੂੰ ਅਰਜ ਕੀਤੀ ਕਿ ''ਗਰੀਬ ਨਿਵਾਜ, ਇਸ ਤਰ੍ਹਾਂ ਦੀਆਂ ਚਿੱਠੀਆਂ ਆ ਰਹੀਆਂ ਹਨ ਤਾਂ ਗ੍ਰੀਬ ਨਿਵਾਜ ਮੁਸਕਰਾਏ ਤੇ ਬਚਨ ਕੀਤਾ - ''ਇਹ ਕੀ ਕਹਿ ਰਹੇ ਹਨ, ਇਹ ਤੇ ਕੁਦਰਤ ਦਾ ਕੰਮ ਹੈ, ਮੈਂ ਕੌਣ ਹਾਂ ਬਾਰਿਸ ਪੁਆਉਣ ਤੇ ਹਟਾਉਣ ਵਾਲਾ ?''

ਆਪ ਅਕਾਲ ਪੁਰਖ ਹੁੰਦੇ ਹੋਏ ਵੀ ਆਪਣਾ ਆਪ ਜਣਾਉਣਾ ਨਹੀਂ। ਇਹ ਸੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖ਼ਸ਼ਿਸ਼। ਇਹੀ ਤੇ ਨਿਸ਼ਾਨੀਆਂ ਹਨ, ਉਸ ਠੰਢੀ ਮੂਰਤ ਅਕਾਲ ਪੁਰਖ ਦੀਆਂ।

''ਹਉ ਵਾਰਿ ਵਾਰਿ ਜਾਉ ਗੁਰ ਗੋਪਾਲ'' ਅਨੁਸਾਰ ਇਹੋ ਜਿਹੇ ਅਕਾਲ ਪੁਰਖ ਤੋਂ ਮੈਂ ਵਾਰ ਵਾਰ ਬਲਿਹਾਰ ਜਾਂਦਾ ਹਾਂ।

ਸਤਿਗੁਰੂ ਜੀ ਦੇ ਨਿੱਜੀ ਸਕੱਤਰ ਵਜੋਂ ਕੰਮ ਕਰਦਿਆਂ ਏਸੇ ਤਰ੍ਹਾਂ ਹੀ ਇਕ ਦਿਨ ਭੁਰਜੀ ਹੁਰੀਂ ਚਿੱਠੀਆਂ ਪੜ੍ਹ ਰਹੇ ਸਨ। ਇਕ ਚਿੱਠੀ ਹਰਭਜਨ ਸਿੰਘ ਦੀ ਸੀ। ਉਨ੍ਹਾਂ ਲਿਖਿਆ ਸੀ ਕਿ ''ਸੱਚੇ ਪਾਤਸ਼ਾਹ ਜੀ ਕ੍ਰਿਪਾ ਕਰੋ ਮੈਨੂੰ ਹੁਣ ਜੇਲ੍ਹ ਵਿਚੋਂ ਕੱਢੋ ਜੀ। ਮੈਂ ਆਪ ਜੀ ਦਾ ਹੁਕਮ ਨਹੀਂ ਸੀ ਮੰਨਿਆ। ਬਹੁਤ ਦੁੱਖ ਭੋਗ ਲਏ ਹਨ। ਹੁਣ ਬਖ਼ਸ਼ਿਸ਼ ਕਰੋ ਜੀ।''

ਹੋਇਆ ਇਸ ਤਰ੍ਹਾਂ ਕਿ ਸ੍ਰੀ ਭੈਣੀ ਸਾਹਿਬ ਪ੍ਰਯੋਗ ਚਲ ਰਿਹਾ ਸੀ। ਹਰਭਜਨ ਸਿੰਘ ਇੰਗਲੈਂਡ ਦਾ ਰਹਿਣ ਵਾਲਾ ਸੀ। ਘਰੋਂ ਸਾਰਿਆਂ ਨੂੰ ਮਿਲਕੇ ਭੈਣੀ ਸਾਹਿਬ ਵਿਚ ਦਰਸ਼ਨ ਮੇਲਾ ਕਰਨ ਆ ਗਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨ ਪਰਸੇ ਤੇ ਵਾਪਸ ਇੰਗਲੈਂਡ ਜਾਣ ਲਈ ਛੁੱਟੀਆਂ ਮੰਗੀਆਂ। ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ – ''ਹਰਭਜਨ ਸਿੰਘ ਦੋ ਚਾਰ ਦਿਨ ਹੋਰ ਠਹਿਰ ਜਾ।'' ਅੱਗੋਂ ਹਰਭਜਨ ਸਿੰਘ ਨੇ ਕਿਹਾ – ''ਸੱਚੇ ਪਾਤਸ਼ਾਹ ਜੀ, ਕੰਮ ਬਹੁਤ ਹਨ ਮੈਂ ਜਾਕੇ ਬਹੁਤ ਕੰਮ ਕਰਨੇ ਹਨ।''

ਸੱਚੇ ਪਾਤਸ਼ਾਹ ਜੀ ਨੇ ਸੁਭਾਵਿਕ ਹੀ ਆਪਣੇ ਹੱਥ ਤੇ ਹੱਥ ਮਾਰਦਿਆਂ ਬਚਨ ਕੀਤਾ – ''ਬੰਦਾ ਜੇਲ੍ਹ ਵਿਚ ਜਾਕੇ ਵੀ ਤਾਂ ਬੈਠ ਜਾਂਦਾ ਹੈ, ਪਿਛੋਂ ਸਾਰੇ ਕੰਮ ਹੁੰਦੇ ਰਹਿੰਦੇ ਹਨ।'' ਸੱਚੇ ਪਾਤਸ਼ਾਹ ਜੀ ਦਾ ਭਾਵ ਉਸਨੂੰ ਜੇਲ੍ਹ ਭੇਜਣਾ ਨਹੀਂ ਸੀ, ਸਗੋਂ ਉਹ ਤਾਂ ਉਸਨੂੰ ਜੇਲ੍ਹ ਹੋਣ ਤੋਂ ਬਚਾਉਣ ਲਈ ਆਪਣੇ ਕੋਲ ਠਹਿਰਣ ਲਈ ਹੁਕਮ ਕਰ ਰਹੇ ਸਨ। ਪਰ ਹਰਭਜਨ ਸਿੰਘ ਜੀ ਦੀ ਸਮਝ ਵਿਚ ਨਾ ਆਈ। ਗਰੀਬ ਨਿਵਾਜ ਤਾਂ ਜਾਣੀ-ਜਾਣ ਹਨ। ਉਹ ਹਮੇਸ਼ਾ ਹੀ ਜੀਵਾਂ ਦਾ ਕਲਿਆਣ ਕਰਦੇ ਹਨ।

ਹਰਭਜਨ ਸਿੰਘ ਮਠ ਇੰਗਲੈਂਡ ਚਲਿਆ ਗਿਆ। ਉਥੇ ਗਿਆਂ ਅਜੇ ਦੋ ਕੁ ਦਿਨ ਹੀ ਹੋਏ ਸਨ ਕਿ ਕੋਈ ਕਤਲ ਹੋ ਗਿਆ। ਕਤਲ ਵਿਚ ਹਰਭਜਨ ਸਿੰਘ ਦਾ ਨਾਮ ਵੀ ਆ ਗਿਆ। ਉਹ ਜੇਲ੍ਹ ਵਿਚ ਬੰਦ ਹੋ ਗਿਆ। ਫਿਰ ਵੀ ਸੱਚੇ ਪਾਤਸ਼ਾਹ ਜੀ ਨੇ ਉਸਨੂੰ ਬਖ਼ਸ਼ਿਆ ਤੇ ਉਹ ਬਰੀ ਹੋ ਗਿਆ।

ਸੱਚੇ ਪਾਤਸ਼ਾਹ ਜੀ ਦੇ ਮੁਖਾਰਬਿੰਦ ਤੋਂ ਕੋਈ ਵੀ ਬਚਨ ਚੇਤ ਜਾਂ ਅਚੇਤ ਹੀ ਨਿਕਲੇ ਕਦੇ ਬਿਰਥਾ ਨਹੀਂ ਜਾਂਦੇ। ਉਹ ਤੇ ਸੱਚ ਦੀ ਮੂਰਤ ਹਨ। ਸਤਿਗੁਰੂ ਜੀ ਏਨੀ ਬੰਦਗੀ ਤਪੱਸਿਆ ਕਰਕੇ ਜਦੋਂ ਦੇਹ ਧਾਰ ਕੇ ਇਸ ਮਾਤ ਲੋਕ ਤੇ ਆਉਂਦੇ ਹਨ ਤਾਂ ਸੁਭਾਵਕ ਹੀ ਉਹਨਾਂ ਦੇ ਹਰ ਬਚਨ ਵਿਚ ਸਿੱਧੀ ਹੁੰਦੀ ਹੈ। ਸਤਿਗੁਰੂ ਜੀ ਤਾਂ ਦੁਨੀਆਂ ਦੇ ਦੁੱਖ ਦੂਰ ਕਰਨ ਲਈ ਹੀ ਇਸ ਸੰਸਾਰ ਤੇ ਆਉਂਦੇ ਹਨ।

ਹੋਰ ਸਾਖੀ :-

ਹੁਣ ਭੁਪਿੰਦਰ ਸਿੰਘ ਭੁਰਜੀ ਹੁਰੀਂ ਆਪਣੇ ਬਾਰੇ ਦੱਸਦੇ ਹਨ ਕਿ ਉਹਨਾਂ ਨੇ ਕਦੇ ਵੀ ਸੁਪਨੇ ਵਿਚ ਨਹੀਂ ਸੋਚਿਆ ਸੀ ਕਿ ਉਹ ਅਮਰੀਕਾ ਜਾਣਗੇ। ਉਨ੍ਹਾਂ ਨੇ ਅਮਰੀਕਾ ਜਾਣਾ ਤਾਂ ਜਰੂਰ ਸੀ। ਕਿਉਂ ਜੋ ਸੱਚੇ ਪਾਤਸ਼ਾਹ ਜੀ ਦੇ ਮੁਖਾਰਬਿੰਦ ਤੋਂ ਇਹੀ ਬਚਨ ਨਿਕਲਿਆ ਸੀ ਕਿ ''ਭੁਰਜੀ ਤੈਨੂੰ ਤੇ ਪ੍ਰੇਮ ਸਿੰਘ ਨੂੰ ਮੈਂ ਅਮਰੀਕਾ ਭੇਜਣੈ ।''

ਸੰਨ 1993 ਵਿਚ ਵਿਸ਼ਵ ਪੰਜਾਬੀ ਕਾਨਫਰੰਸ ਸੀ। ਹੰਸਪਾਲ ਜੀ ਨੇ ਭੁਰਜੀ ਜੀ ਅੱਗੇ ਜ਼ਿਕਰ ਕੀਤਾ ਕਿ ਉਨ੍ਹਾਂ ਨੇ ਅਮਰੀਕਾ ਜਾਣਾ ਹੈ ਪਰ ਭੁਰਜੀ ਜੀ ਦੀ ਹਿੰਮਤ ਨਾ ਹੋਈ ਸਤਿਗੁਰਾਂ ਅੱਗੇ ਅਰਜ ਕਰਨ ਦੀ। ਹੰਸਪਾਲ ਜੀ ਦਾ ਸਵੇਰੇ ਢਾਈ ਵਜੇ ਭੁਰਜੀ ਜੀ ਨੂੰ ਫੋਨ ਆਇਆ ਕਿ ''ਤੁਸੀਂ ਜੱਸ ਜੀਵਨ ਪੁਸਤਕ ਦੇ ਦੋਵੇਂ ਭਾਗ ਲੈਕੇ ਦੀਵਾਨ ਵਿਚ ਪਹੁੰਚੋ। ਸਵੇਰੇ ਆਸਾ ਜੀ ਦੀ ਵਾਰ ਦੇ ਭੋਗ ਪੈਣ ਤੋਂ ਬਾਅਦ ਗਰੀਬ ਨਿਵਾਜ ''ਨਾਮਧਾਰੀ ਨਿਤਨੇਮ'' ਦੇ ਗੁਟਕੇ ਤੋਂ ਪਾਠ ਕਰ ਰਹੇ ਸਨ ਤੇ ਬਚਨ ਕੀਤਾ – ''ਮੈਂ ਨਾ ਪਾਠ ਕਰਦਾ ਕਰਦਾ ਭੁੱਲ ਗਿਆ ਹਾਂ।'' ਤੇ ਭੁਰਜੀ ਜੀ ਦੇ ਮੂੰਹੋਂ ਆਪੇ ਹੀ ਇਹ ਗੱਲ ਕਹਾ ਦਿਤੀ – ''ਆਪ ਜੀ ਤਾਂ ਰਚਨਹਾਰ ਹੋ। ਆਪ ਕਿਸ ਤਰ੍ਹਾਂ ਭੁੱਲ ਸਕਦੇ ਹੋ। ਇਹ ਬਾਣੀ ਤਾਂ ਆਪ ਜੀ ਦੀ ਹੀ ਰਚੀ ਹੋਈ ਹੈ। ਆਪ ਜੀ ਭਾਵੇਂ ਕਿਸੇ ਜਾਮੇ ਵਿਚ ਵੀ ਹੋਵੋ – ਪਹਿਲੇ ਵਿਚ ਜਾਂ ਦੂਜੇ ਵਿਚ, ਇਹ ਬਾਣੀ ਤਾਂ ਆਪ ਜੀ ਦੀ ਹੀ ਕ੍ਰਿਤ ਹੈ।''

ਸੱਚੇ ਪਾਤਸ਼ਾਹ ਜੀ ਨੇ ਫੇਰ ਬਚਨ ਕੀਤਾ – ''ਜੱਸ ਜੀਵਨ ਵਿਚ ਡਾਇਰੀ ਦੀ ਇਕ ਲਿਖਤ ਹੈ।''

ਏਨਾ ਕਹਿੰਦਿਆਂ ਇਕ ਪੁਸਤਕ ਭੁਰਜੀ ਜੀ ਨੂੰ ਫੜਾ ਦਿਤੀ ਤੇ ਇਕ ਸਤਿਗੁਰੂ ਜੀ ਨੇ ਆਪ ਫੜ ਲਈ। ਭੁਰਜੀ ਜੀ ਨੇ ਪੰਨੇ ਫੋਲਦਿਆਂ ਫੋਲਦਿਆਂ ਕੋਈ ਦੋ ਸੌ ਪੰਨਾ ਪਲਟਿਆ ਪਰ ਉਨ੍ਹਾਂ ਨੂੰ ਉਹਨਾਂ ਨੂੰ ਡਾਇਰੀ ਦੀ ਲਿਖਤ ਨਾ ਲੱਭੀ। ਏਨੇ ਨੂੰ ਮੌਕਾ ਪਾਉਂਦਿਆਂ ਪੂਰਬਾ ਜੀ ਨੇ ਭੁਰਜੀ ਜੀ ਨੂੰ ਬਾਹਰ (ਅਮਰੀਕਾ) ਜਾਣ ਦੀ ਅਰਜ ਕਰਨ ਲਈ ਪ੍ਰੇਰਿਆ। ਪਰ ਭੁਰਜੀ ਜੀ ਨੇ ਅਰਜ ਕਰਨ ਦਾ ਹੌਂਸਲਾ ਨਾ ਕੀਤਾ। ਸੱਚੇ ਪਾਤਸ਼ਾਹ ਜੀ ਇੰਗਲੈਂਡ ਚਲੇ ਗਏ। ਉਥੋਂ ਸੰਤ ਰਛਪਾਲ ਸਿੰਘ (ਜੋ ਕਿ ਹੁਣ ਸੱਚੇ ਪਾਤਸ਼ਾਹ ਜੀ ਦੇ ਨਿੱਜੀ ਸੇਵਕ ਹਨ) ਨੇ ਫੋਨ ਕੀਤਾ ਕਿ ਸੱਚੇ ਪਾਤਸ਼ਾਹ ਜੀ ਦਾ ਹੁਕਮ ਹੈ ਕਿ ਭੁਰਜੀ ਅਮਰੀਕਾ ਪਹੁੰਚੇ। ਇਸ ਤਰ੍ਹਾਂ ਭੁਰਜੀ ਜੀ ਤਿਆਰੀ ਕਰਕੇ ਅਮਰੀਕਾ ਪਹੁੰਚ ਗਏ।

ਇਥੇ ਪਹੁੰਚਕੇ ਵੀ ਭੁਰਜੀ ਜੀ ਨੇ ਆਪਣੇ ਪਹਿਰਾਵੇ ਵਿਚ ਕੋਈ ਫਰਕ ਨਾ ਆਉਣ ਦਿਤਾ। ਅਮਰੀਕਾ ਵਿਚ ਜਦੋਂ ਓਸਾਮਾ-ਬਿਨ-ਲਾਦੇਨ ਵਾਲਾ ਕਾਂਡ ਹੋਇਆ ਤਾਂ ਵੀ ਕਿਸੇ ਨੇ ਭੁਰਜੀ ਹੁਰਾਂ ਨੂੰ ਕੁੱਝ ਕਹਿਣ ਦੀ ਹਿੰਮਤ ਨਾ ਹੋਈ, ਭਾਵੇਂ ਪੱਗ ਦਾ ਸਟਾਈਲ ਕੁੱਝ ਭੁਲੇਖਾ ਜਰੂਰ ਪਾ ਦਿੰਦਾ ਹੈ। ਪਿਉ-ਪੁੱਤਰ ਨਿਧੜਕ ਹੋਕੇ ਬਾਹਰ ਜਾਂਦੇ ਰਹੇ। ''ਗੁਰ ਮੇਰੇ ਸੰਗ ਸਦਾ ਹੈ ਨਾਲੇ'' ਦੇ ਮਹਾਂਵਾਕ ਅਨੁਸਾਰ ਭੁਰਜੀ ਜੀ ਦੇ ਛੋਟੇ ਕਾਕੇ ਨੇ ਆਖਿਆ –''ਪਿਤਾ ਜੀ, ਇੰਜ ਲਗਦਾ ਹੈ ਜਿਵੇਂ ਸੱਚੇ ਪਾਤਸ਼ਾਹ ਜੀ ਦਸ-ਪੰਦਰਾਂ ਕਦਮ ਸਾਡੇ ਨਾਲ ਅੱਗੇ ਅੱਗੇ ਚਲਦੇ ਹਨ।'' ਇਹ ਬਿਲਕੁਲ ਸਹੀ ਹੈ

ਪਰਮਾਤਮਾ ਨੂੰ ਯਾਦ ਕਰੀਏ ਤਾਂ ਪਰਮਾਤਮਾ ਸਾਡੇ ਕੋਲ ਹੁੰਦਾ ਹੈ। ਕਿਉਂ ਜੋ ਪਹਿਰੇ ਦੇ ਮਾਲਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਡੇ ਅੰਗ-ਸੰਗ ਹਨ। ਜੇਕਰ ਅਸੀਂ ਸਤਿਗੁਰੂ ਜੀ ਨੂੰ ਯਾਦ ਕਰਕੇ ਭਾਵ ਅਰਦਾਸ ਕਰਕੇ ਤੁਰੀਏ ਤਾਂ।''

ਏਥੇ ਮੈਂ ਭੁਰਜੀ ਹੁਰਾਂ ਤੋਂ ਟੇਪ ਕਰਾਇਆ ਇਕ ਹੋਰ ਵਾਕਿਆ ਲਿਖਣ ਲਗਿਆ ਹਾਂ। ਜਿਸ ਬੱਚੇ ਦੀ ਗੱਲ ਮੈਂ ਕਰਨ ਲਗਿਆ ਹਾਂ ਇਹ ਬੱਚਾ ਉਦੋਂ ਚਾਰ-ਪੰਜ ਸਾਲ ਦਾ ਸੀ। ਡਾਕਟਰਾਂ ਨੇ ਭੁਰਜੀ ਜੀ ਦੇ ਇਸ ਕਾਕੇ ਨੂੰ ਸਪਾਸਟਿਕ ਚਾਈਲਡ ਡਿਕਲੇਅਰ ਕੀਤਾ ਸੀ। ਸਪਾਸਟਿਕ ਤੋਂ ਭਾਵ ਹੈ ਕਿ ਕੋਈ ਦਿਮਾਗ ਦੀ ਨਾੜੀ ਬੰਦ ਹੋ ਜਾਂਦੀ ਹੈ। ਜਿਸਦਾ ਅਸਰ ਸਰੀਰ ਦੇ ਕਿਸੇ ਨਾ ਕਿਸੇ ਅੰਗ ਤੇ ਪੈਂਦਾ ਹੈ।

ਰਮੇਸ਼ ਨਗਰ ਗੁਰਦੁਆਰੇ ਵਿਚ ਗਰੀਬ ਨਿਵਾਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਰਸ਼ਨ ਦਿਤੇ। ਭੁਪਿੰਦਰ ਸਿੰਘ ਭੁਰਜੀ, ਉਹਨਾਂ ਦੀ ਪਤਨੀ ਤੇ ਉਨ੍ਹਾਂ ਦਾ ਅਪੰਗ ਲੜਕਾ ਨਾਲ ਸੀ। ਮੱਥਾ ਟੇਕ ਕੇ ਸਭ ਜਣੇ ਜਦੋਂ ਆਪੋ ਆਪਣੀ ਜਗ੍ਹਾ ਤੇ ਬੈਠ ਗਏ ਤਾਂ ਸੱਚੇ ਪਾਤਸ਼ਾਹ ਜੀ ਨੇ ਇਸ਼ਾਰੇ ਨਾਲ ਹੀ ਪੁੱਛਿਆ ਕਿ ਇਹ ਬੱਚਾ ਕਿਸਦਾ ਹੈ ? ਬੱਸ ਕ੍ਰਿਪਾ ਤਾਂ ਉਦੋਂ ਹੀ ਹੋ ਗਈ ਸੀ ਜਦੋਂ ਮਿਹਰਬਾਨ, ਦਾਤਾਰ ਦੀਅ ਨਜ਼ਰਾਂ ਕਾਕੇ ਤੇ ਪੈ ਗਈਆਂ।

ਦਸ ਪੰਦਰਾਂ ਦਿਨ ਗੁਜਰੇ ਸੱਚੇ ਪਾਤਸ਼ਾਹ ਜੀ ਨੇ ਇਕ ਸਤਿਨਾਰਾਇਣ ਨਾਮੀ ਫਿਜਿਓਥਰੈਪਿਸਟ ਜੋ ਕਿ ਕਾਲਕਾ ਜੀ (ਦਿੱਲੀ) ਵਿਖੇ ਰਹਿੰਦਾ ਸੀ, ਭੇਜ ਦਿਤਾ। ਭੁਰਜੀ ਹੁਰਾਂ ਦੇ ਘਰ ਉਹ ਡਾਕਟਰ ਕੋਈ ਡੇਢ ਕੁ ਮਹੀਨਾ ਆਉਂਦਾ ਰਿਹਾ। ਡੈਨਮਾਰਕ ਤੋਂ ਇਕ ਹੋਰ ਬੰਦਾ ਵੀ ਆਪਣਾ ਅਪੰਗ ਬੱਚਾ ਲੈਕੇ ਇੰਡੀਆ ਆਇਆ ਹੋਇਆ ਸੀ। ਉਸਦੇ ਬੱਚੇ ਦੀ ਹਾਲਤ ਵੀ ਬਹੁਤ ਖਰਾਬ ਸੀ। ਉਹ ਸਖ਼ਸ਼ ਵੀ ਆਪਣਾ ਬੱਚਾ ਲੈਕੇ ਭੁਰਜੀ ਜੀ ਦੇ ਘਰ ਆਉਂਦਾ ਰਿਹਾ। ਪਰ ਭੁਰਜੀ ਦੇ ਬੱਚੇ ਨੂੰ ਕੋਈ ਖਾਸ ਫਰਕ ਨਾ ਪਿਆ। ਐਵੇਂ ਪੰਜ ਸੱਤ ਪ੍ਰਤੀਸ਼ਤ ਹੀ ਫਰਕ ਪਿਆ ਹੋਵੇਗਾ। ਭੁਰਜੀ ਜੀ ਦੇ ਮਨ ਵਿਚ ਕੋਈ ਰੋਸ ਨਹੀਂ ਸੀ। ਉਹ ਸਭ ਰੱਬ ਦੀ ਹੀ ਰਜ਼ਾ ਮੰਨਦੇ ਸਨ। ਉਸ ਰੱਬ ਦੀ ਜਿਸਦੇ ਉਹ ਸਾਕਾਰ ਰੂਪ ਵਿਚ ਦਰਸ਼ਨ ਕਰਦੇ ਹਨ। ਉਸ ਰੱਬ ਬਾਰੇ ਗੁਰਬਾਣੀ ਵਿਚ ਫੁਰਮਾਨ ਹੈ :

''ਤੁਧ ਭਾਵੈ ਤਾਂ ਨਾਮ ਜਪਾਵੈ
ਸੁਖ ਤੇਰਾ ਦਿਤਾ ਲਹੀਐ।

ਫੇਰ ਭੁਰਜੀ ਜੀ ਅਮਰੀਕਾ ਪਹੁੰਚ ਗਏ। ਪਿੱਛੋਂ ਘਰ ਵਾਲੀ ਬਹੁਤ ਬੀਮਾਰ ਹੋ ਗਈ। ਭੁਰਜੀ ਜੀ ਦਾ ਦਿਲ ਅਮਰੀਕਾ ਨਾ ਲੱਗੇ, ਪਿੱਛੇ ਘਰ ਵਾਲੀ ਜੁ ਬੀਮਾਰ ਸੀ। ਭੁਰਜੀ ਜੀ ਨੇ ਫੋਨ ਤੇ ਹੀ ਪਾਤਸ਼ਾਹ ਜੀ ਕੋਲ ਅਰਜ ਕੀਤੀ - ''ਪਾਤਸ਼ਾਹ ਜੀ ਮੇਰਾ ਏਥੇ ਮਨ ਨਹੀਂ ਲਗਦਾ, ਮੈਂ ਇੰਡੀਆ ਆ ਜਾਵਾਂ ?'' ਸੱਚੇ ਪਾਤਸ਼ਾਹ ਜੀ ਆਖਿਆ - ''ਦੇਖ ਲੈ, ਬੜੀ ਮੁਸ਼ਕਲ ਨਾਲ ਤੇਰੇ ਪੇਪਰ ਬਣੇ ਹਨ, ਇਹਨਾਂ ਨੂੰ ਕੋਈ ਫਰਕ ਨਾ ਪਵੇ।''

ਤਾਂ ਭੁਰਜੀ ਜੀ ਨੇ ਉਤਰ ਦਿਤਾ - ''ਪਾਤਸ਼ਾਹ ਜੀ ਪੇਪਰ ਬਣਾਉਣ ਵਾਲੇ ਵੀ ਆਪ ਹੀ ਹੋ ਕ੍ਰਿਪਾ ਕਰੋ ਜੀ, ਪੇਪਰ ਸਹੀ ਹੀ ਰਹਿਣ।'' ਫਿਰ ਪਾਤਸ਼ਾਹ ਜੀ ਹੁਕਮ ਕੀਤਾ - ''ਕਦੋਂ ਆਉਣਾ ਚਾਹੁੰਦੈ ?'' ਭੁਰਜੀ ਜੀ ਨੇ ਕਿਹਾ - ''ਜੀ ਅੱਠ ਅਪ੍ਰੈਲ ਨੂੰ''

''ਠੀਕ ਹੈ'' ਹੁਕਮ ਹੋ ਗਿਆ।

ਭੁਰਜੀ ਜੀ ਹੁਕਮ ਪਾਕੇ ਇੰਡੀਆ ਆ ਗਏ। ਘਰ ਵਾਲੀ ਵੀ ਪਾਤਸ਼ਾਹ ਜੀ ਦੀ ਕ੍ਰਿਪਾ ਨਾਲ ਠੀਕ ਹੋ ਗਈ। ਸਾਲ ਕੁ ਰਹਿਕੇ ਵਾਪਸ ਅਮਰੀਕਾ ਪਰਤ ਗਏ। ਸੱਚੇ ਪਾਤਸ਼ਾਹ ਜੀ ਅੱਗੇ ਫੇਰ ਅਰਜ ਕੀਤੀ - ''ਜੇ ਆਪ ਜੀ ਦਾ ਹੁਕਮ ਹੋਵੇ ਤਾਂ ਘਰਦਿਆਂ ਨੂੰ ਬੁਲਾ ਲਵਾਂ।'' ਤਾਂ ਹੁਕਮ ਹੋਇਆ ''ਠੀਕ ਹੈ ਮੰਗਵਾ ਲੈ।''

ਉਥੇ ਇਕ ਜਸਪ੍ਰੀਤ ਸਿੰਘ ਵਕੀਲ ਸੀ। ਉਸ ਨੂੰ ਕਹਿਕੇ ਭੁਰਜੀ ਜੀ ਨੇ ਪੇਪਰ ਤਿਆਰ ਕਰਵਾ ਲਏ। ਪੇਪਰ ਵੇਖਕੇ ਸਾਰਿਆਂ ਨੇ ਕਿਹਾ ਕਿ ਇਹਨਾਂ ਪੇਪਰਾਂ ਤੇ ਨਹੀਂ ਜਾ ਸਕਦੇ। ਪਰ ਸੱਚੇ ਪਾਤਸ਼ਾਹ ਜੀ ਦੀ ਉਸ ਪ੍ਰਵਾਰ ਤੇ ਏਨੀ ਕ੍ਰਿਪਾ ਸੀ ਕਿ ਉਹਨਾਂ ਦੇ ਸਾਰੇ ਕੰਮ ਹੱਲ ਹੋ ਗਏ। ਸਭ ਤੋਂ ਵੱਡੀ ਹੁੰਦੀ ਹੈ ''ਆਸਥਾ'' ਤੇ ਉਹ ਉਹਨਾਂ ਨੂੰ ਆਪਣੇ ਸਤਿਗੁਰੂ ਜੀ ਤੇ ਪੂਰੀ ਪੂਰੀ ਸੀ। ਭੁਰਜੀ ਜੀ ਨੇ ਅਮਰੀਕਾ ਤੋਂ ਹੀ ਆਪਣੀ ਘਰ ਵਾਲੀ ਨੂੰ ਫੋਨ ਕਰਕੇ ਆਖਿਆ -

ਸਵੇਰੇ ਇਸ਼ਨਾਨ ਪਾਣੀ ਕਰਕੇ ਰਮੇਸ਼ ਨਗਰ ਵਰਨੀ ਵਿਚ ਬੈਠ ਕੇ ਅਰਦਾਸ ਕਰਨੀ ਤੇ ਪ੍ਰਸ਼ਾਦ ਲੈਕੇ ਫੇਰ ਐਂਬੇਸੀ ਜਾਣਾ, ਸੱਚੇ ਪਾਤਸ਼ਾਹ ਜੀ ਕ੍ਰਿਪਾ ਕਰਨਗੇ। ਕ੍ਰਿਪਾ ਤਾਂ ਸੱਚੇ ਪਾਤਸ਼ਾਹ ਜੀ ਨੇ ਹੀ ਕਰਨੀ ਸੀ। ਭੁਰਜੀ ਜੀ ਦੇ ਮੂੰਹੋਂ ਤਾਂ ਕਹਾਉਣਾ ਹੀ ਸੀ। ਜਦੋਂ ਭੁਰਜੀ ਜੀ ਦੀ ਸਿੰਘਣੀ ਤੇ ਬੱਚੇ ਹੱਥਾਂ ਵਿਚ ਰਮੇਸ਼ ਨਗਰ ਤੋਂ ਵਰਨੀ ਦਾ ਪ੍ਰਸ਼ਾਦ ਫੜੀ ਐਂਬੇਸੀ ਗਏ ਤਾਂ ਇਹਨਾਂ ਦੇ ਹੱਥਾਂ ਵਿਚ ਪ੍ਰਸ਼ਾਦ ਵੇਖਕੇ ਲੋਕੀਂ ਕਹਿਣ ਲੱਗੇ -

''ਤੁਸੀਂ ਤਾਂ ਨਾਮਧਾਰੀ ਹੋ ਤੁਹਾਡੇ ਵੀਜੇ ਤਾਂ ਲਗ ਹੀ ਜਾਣੇ ਹਨ। ਤੁਸੀਂ ਸਾਨੂੰ ਵੀ ਪ੍ਰਸ਼ਾਦ ਦੇ ਦਿਓ ਤਾਕਿ ਸਾਡੇ ਵੀ ਵੀਜੇ ਲਗ ਜਾਣ।''

ਕਿੰਨੀ ਕ੍ਰਿਪਾ ਹੈ ਨਾਮਧਾਰੀਆਂ 'ਤੇ। ਇਹ ਸਭ ਸਤਿਗੁਰੂ ਜੀ ਦੀ ਬਖ਼ਸ਼ਿਸ਼ ਹੈ। ਹੋਇਆ ਵੀ ਇਸੇ ਤਰ੍ਹਾਂ ਹੀ। ਇਹਨਾਂ ਦੇ ਨਾਲ ਨਾਲ ਕਈ ਹੋਰਨਾਂ ਦੇ ਵੀ ਵੀਜੇ ਲਗ ਗਏ।

ਵੀਜ਼ਾ ਲੈਕੇ ਭੁਰਜੀ ਜੀ ਦਾ ਪ੍ਰਵਾਰ ਸ੍ਰੀ ਸਤਿਗੁਰੂ ਜੀ ਵਲੋਂ ਹੋਈ ਅਪਾਰ ਬਖ਼ਸ਼ਿਸ਼ ਤੇ ਕ੍ਰਿਪਾ ਦਾ ਧੰਨਵਾਦ ਕਰਨ

ਤੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਹਿੱਤ, ਸ੍ਰੀ ਭੈਣੀ ਸਾਹਿਬ ਗਿਆ। ਸਤਿਗੁਰੂ ਜੀ ਬੜੇ ਖੁਸ਼ ਹੋਏ ਤੇ ਹੱਥ ਤੇ ਹੱਥ ਮਾਰਕੇ ਆਖਿਆ –

''ਅੱਛਾ ! ਕਿਹਦਾ ਕਿਹਦਾ ਵੀਜ਼ਾ ਲੱਗਿਆ ਹੈ ?'' ਭੁਰਜੀ ਜੀ ਦੀ ਘਰਵਾਲੀ ਨੇ ਦੂਜੇ ਤੀਜੇ ਤੇ ਚੌਥੇ ਬੱਚੇ ਵੱਲ ਇਸ਼ਾਰਾ ਕਰਦਿਆਂ ਆਖਿਆ ਕਿ ਇਹਨਾਂ ਦਾ ਵੀਜ਼ਾ ਲੱਗ ਗਿਆ ਹੈ। ਸੱਚੇ ਪਾਤਸ਼ਾਹ ਜੀ ਨੇ ਖੁਸ਼ ਹੋਕੇ ਵੱਡੇ ਲੜਕੇ ਬਾਰੇ ਪੁੱਛਿਆ ਕਿ ''ਇਹਦਾ ਨਹੀਂ ਲਗਿਆ ?'' ਬੀਬੀ ਜੀ ਨੇ ਕਿਹਾ ਕਿ ਇਹਦਾ ਅਪਲਾਈ ਹੀ ਨਹੀਂ ਕੀਤਾ।

ਦਸ ਕੁ ਕਦਮ ਅੱਗੇ ਜਾਕੇ ਫਿਰ ਵਾਪਸ ਮੁੜ ਆਏ ਤੇ ਪੁਛਿਆ – ''ਅੱਛਾ ਕਿਹਦੇ ਕਿਹਦੇ ਵੀਜੇ ਲੱਗੇ ਨੇ।'' ਸੱਚ ਕਰਕੇ ਜਾਣਿਓ, ਆਪਣੇ ਸੇਵਕਾਂ ਦੇ ਸੱਚੇ ਪਾਤਸ਼ਾਹ ਜੀ ਕਿੰਨੇ ਚਾਅ ਤੇ ਮਲ੍ਹਾਰ ਕਰਦੇ ਹਨ। ਫਿਰ ਸੰਤ ਰਛਪਾਲ ਸਿੰਘ ਨੂੰ ਕਿਹਾ – ''ਭੁਰਜੀ ਦੇ ਪ੍ਰਵਾਰ ਦੀਆਂ ਟਿਕਟਾਂ ਦਾ ਇੰਤਜਾਮ ਕਰੋ, ਮੈਂ ਇਹਨਾਂ ਨੂੰ ਆਪ ਭੇਜਣਾ ਹੈ।'' ਸੱਚੇ ਪਾਤਸ਼ਾਹ ਜੀ ਏਅਰ ਪੋਰਟ ਤੇ ਗਏ। ਉਥੇ ਇਮੀਗਰੇਸ਼ਨ ਵਾਲਿਆਂ ਨੂੰ ਦੱਸਿਆ – ਇਹ ਮੇਰਾ ਪ੍ਰਵਾਰ ਹੈ।

ਇਮੀਗਰੇਸ਼ਨ ਵਾਲਿਆਂ ਆਪ ਹੀ ਸਾਰੇ ਫਾਰਮ ਭਰੇ। ਪ੍ਰਵਾਰ ਅਮਰੀਕਾ ਪਹੁੰਚ ਗਿਆ। ਜਦੋਂ ਭੁਰਜੀ ਜੀ ਨੂੰ ਉਨ੍ਹਾਂ ਦੇ ਪ੍ਰਵਾਰ ਤੇ ਹੋਈਆਂ ਸਤਿਗੁਰਾਂ ਵਲੋਂ ਬਖ਼ਸ਼ਿਸ਼ਾਂ ਬਾਰੇ ਪਤਾ ਲੱਗਾ ਤਾਂ ਭੁਰਜੀ ਜੀ ਆਪਣੀ ਸੁੱਧ-ਬੁੱਧ ਹੀ ਖੋ ਬੈਠੇ। ਮਸਤਾਨੀ ਬਿਰਤੀ ਵਿਚ ਆ ਗਏ। ਵੈਰਾਗੀ ਹੋਕੇ ਵਾਹ ! ਵਾਹ ! ਹੀ ਆਖੀ ਜਾਣ।

ਇਹਨਾਂ ਆਪਣੇ ਅਪੰਗ ਕਾਕੇ ਨੂੰ ਉਥੇ ਸਕੂਲ ਵਿਚ ਪੜ੍ਹਣੇ ਪਾ ਦਿਤਾ। ਇਕ ਦਿਨ ਕਾਕਾ ਸਕੂਲੋਂ ਆਕੇ ਬਾਹਰ ਸਾਈਕਲ ਤੇ ਘੁੰਮ ਰਿਹਾ ਸੀ ਕਿ ਅਚਾਨਕ ਕਿਸੇ ਕਾਰ ਵਾਲੇ ਨੇ ਪਿੱਛੇ ਆਕੇ ਉਹਦੇ ਵਿਚ ਕਾਰ ਮਾਰ ਦਿਤੀ। ਮੁੰਡਾ ਡਿੱਗ ਪਿਆ। ਸੱਟਾਂ ਬਹੁਤ ਲੱਗੀਆਂ। ਕਾਰ ਵਾਲਾ ਹੀ ਮੁੰਡੇ ਨੂੰ ਹਸਪਤਾਲ ਲੈ ਗਿਆ। ਇਕ ਦੋ ਦਿਨਾਂ ਬਾਅਦ ਛੁੱਟੀ ਮਿਲ ਗਈ ਕਿਉਂਕਿ ਉਹ ਜਨਮ ਤੋਂ ਹੀ ਅਪਾਹਿਜ ਸੀ। ਡਾਕਟਰਾਂ ਨੇ ਪੁੱਛਿਆ ਕਿ ''ਤੁਹਾਡੀ ਇਨਸੋਰੈਂਸ ਸਕਿਉਰਿਟੀ ਵਗੈਰਾ ਹੈ ?'' ਜੀ ਨਹੀਂ। ਤਾਂ ਫਿਰ ਡਾਕਟਰਾਂ ਨੇ ਆਪ ਹੀ ਸਲਾਹ ਦਿਤੀ ਕਿ ''ਕਾਕੇ ਨੂੰ ਐਮਰਜੈਂਸੀ ਵਾਰਡ ਵਿਚ ਲੈ ਆਉਣਾ। ਡਾਕਟਰਾਂ ਨੇ ਚੈਕ-ਅਪ ਕਰਕੇ ਐਮਰਜੈਂਸੀ ਵਿਚ ਹੀ ਉਸਦੇ ਤਿੰਨ ਆਪ੍ਰੇਸ਼ਨ ਲਿਖ ਦਿਤੇ।

ਪਹਿਲਾ ਆਪ੍ਰੇਸ਼ਨ ਡੇਢ ਕੁ ਘੰਟੇ ਦਾ ਸੀ। ਕਾਕੇ ਨੂੰ ਪਤਾ ਨਾ ਲੱਗਿਆ। ਦੂਜਾ ਆਪ੍ਰੇਸ਼ਨ ਸੱਤ ਘੰਟੇ ਦਾ ਸੀ। ਬੱਚੇ ਨੂੰ ਪਤਾ ਲੱਗਿਆ ਕਿ ਡਾਕਟਰ ਕੜਾ, ਕਛਹਿਰਾ ਤੇ ਦਸਤਾਰ ਉਤਾਰਨ ਲਈ ਕਹਿੰਦੇ ਹਨ। ਉਹ ਬੱਚਾ ਤਾਂ ਅੱੜ ਗਿਆ ਤੇ ਕਹਿਣ ਲੱਗਿਆ – ''ਮੈਂ ਇਹ ਤਿੰਨੇ ਚੀਜ਼ਾਂ ਬਿਲਕੁਲ ਨਹੀਂ ਉਤਾਰਨੀਆਂ, ਤੁਸੀਂ ਭਾਵੇ ਆਪ੍ਰੇਸ਼ਨ ਕਰੋ ਭਾਵੇਂ ਨਾ ਕਰੋ।''

ਬੱਚਾ ਧਰਮ ਵਿਚ ਪ੍ਰਪੱਕ ਸੀ, ਬੱਚੇ ਦੇ ਅੰਦਰ ਸਤਿਗੁਰੂ ਜੀ ਵੱਸੇ ਸਨ। ਉਹਦੇ ਮਨ ਵਿਚ ਦ੍ਰਿੜ੍ਹਤਾ ਸੀ। ਉਥੇ ਇਕ ਸਿੱਖ ਡਾਕਟਰ ਸੀ ਤੇ ਇਕ ਸਕਿਉਰਿਟੀ ਅਫਸਰ ਪ੍ਰਗਟ ਸਿੰਘ ਸੀ ਉਹਨਾਂ ਨੇ ਵੀ ਬੱਚੇ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਬੱਚਾ ਜਿੱਦ ਤੇ ਅੜਿਆ ਰਿਹਾ। ਆਖਰ ਉਸਦਾ ਆਪ੍ਰੇਸ਼ਨ ਉਸੇ ਤਰ੍ਹਾਂ ਹੀ ਹੋਇਆ।''

ਜਦੋਂ ਤੀਜਾ ਆਪ੍ਰੇਸ਼ਨ ਸੀ ਤਾਂ ਸੱਚੇ ਪਾਤਸ਼ਾਹ ਜੀ ਕੈਨੇਡਾ ਸਨ। ਭੁਰਜੀ ਜੀ ਨੇ ਫੋਨ ਤੇ ਹੀ ਕਾਕੇ ਦੇ ਆਪ੍ਰੇਸ਼ਨ ਹੋਣ ਤੇ ਉਸਦੀ ਦ੍ਰਿੜ੍ਹਤਾ ਬਾਰੇ ਸ੍ਰੀ ਹਜ਼ੂਰ ਨੂੰ ਦੱਸਿਆ ਤਾਂ ਸੱਚੇ ਪਾਤਸ਼ਾਹ ਜੀ ਬੜੇ ਖੁਸ਼ ਹੋਏ ਤੇ ਹੁਕਮ ਕੀਤਾ – ''ਜਦੋਂ ਮੈਂ ਇਥੇ ਆਵਾਂ ਤਾਂ ਮੈਨੂੰ ਕਾਕੇ ਨਾਲ ਮਿਲਾਈਂ।'' ਕੁੱਝ ਦਿਨਾਂ ਬਾਅਦ ਸ੍ਰੀ ਸਤਿਗੁਰੂ ਜੀ ਅਮਰੀਕਾ ਪਹੁੰਚੇ। ਭੁਰਜੀ ਜੀ ਨੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਸੰਤ ਰਛਪਾਲ ਸਿੰਘ ਨੇ ਕਾਕੇ ਬਾਰੇ ਪੁੱਛਿਆ। ਕਾਕੇ ਨੂੰ ਮਿਲਣ ਸਤਿਗੁਰੂ ਜੀ ਏਅਰਪੋਰਟ ਤੋਂ ਸਿੱਧਾ ਹਸਪਤਾਲ ਹੀ ਚਲੇ ਗਏ। ਆਪਣਾ ਚਰਨ ਉਤਾਂਹ ਚੁੱਕ ਕੇ, ਬੈਡ ਤੇ ਰੱਖਕੇ ਕਾਕੇ ਕੋਲੋਂ ਮੱਥਾ ਟਿਕਵਾਇਆ। ਭਾਵੇਂ ਸ੍ਰੀ ਸਤਿਗੁਰੂ ਜੀ ਨੇ ਉਦੋਂ ਹੀ ਕ੍ਰਿਪਾ ਕਰ ਦਿਤੀ ਸੀ ਜਦੋਂ ਆਪ ਜੀ ਨੇ ਪੰਜ-ਛੇ ਵਰ੍ਹੇ ਦੇ ਕਾਕੇ ਨੂੰ ਵੇਖਿਆ ਸੀ। ਕਾਕਾ ਹੁਣ ਬਿਲਕੁਲ ਠੀਕ ਹੈ ਤੇ ਸਹੀ ਤੁਰਦਾ ਹੈ। ਇਹ ਚੋਜ ਉਸ ਅਕਾਲ ਪੁਰਖ ਦੇ ਹੀ ਹੋ ਸਕਦੇ ਹਨ, ਜੋ ਆਪ ਦੇਹ ਧਾਰ ਕੇ ਮਨੁਖੀ ਜਾਮੇ ਵਿਚ ਇਸ ਸੰਸਾਰੀ ਜੀਵਾਂ ਦੇ ਦੁੱਖ ਦੂਰ ਕਰਨ ਤੇ ਉਹਨਾਂ ਦਾ ਉਧਾਰ ਕਰਨ ਹਿੱਤ ਇਸ ਸੰਸਾਰ ਵਿਚ ਪ੍ਰਗਟ ਹੋਇਆ ਹੈ। ਕਾਕੇ ਦੀ ਸਾਈਕਲ ਵਿਚ ਕਿਸੇ ਨੇ ਕਾਰ ਮਾਰਨੀ, ਹਸਪਤਾਲ ਪਹੁੰਚਾਉਣਾ, ਆਪ੍ਰੇਸ਼ਨ ਹੋਣਾ ਤੇ ਹਸਪਤਾਲ ਵਿਚ ਹੀ ਕਾਕੇ ਨੂੰ ਦਰਸ਼ਨ ਦੇਣ ਦੇ ਬਹਾਨੇ ਹੋਰ ਵੀ ਜੀਵਾਂ ਦਾ ਉਧਾਰ ਕਰਨਾ, ਇਹ ਉਸ ਅਕਾਲ ਪੁਰਖ ਦਾ ਹੀ ਕੰਮ ਹੈ। ਪਤਾ ਨਹੀਂ ਕਿਹੜੇ ਕਿਹੜੇ ਬਹਾਨੇ ਬਣਾਕੇ ਆਪਣੇ ਆਪ ਨੂੰ ਗੁਪਤ ਰੱਖਕੇ, ਬਿਨਾ ਕਿਸੇ ਖਰਚੇ ਖੇਚਲ ਦੇ ਜੀਵਾਂ ਦਾ ਕਲਿਆਣ ਕਰਦੇ ਹਨ। ਮੇਰੇ ਪਾਤਸ਼ਾਹਾਂ ਦੇ ਪਾਤਸ਼ਾਹ, ਗੁਰੂ ਨਾਨਕ ਦੀ ਗੱਦੀ ਦੇ ਮਾਲਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ! ਮੇਰੀ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਵਾਰ ਵਾਰ ਪ੍ਰਣਾਮ ਹੈ।

ਧੰਨ ਹਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ।

ਸੰਤ ਪੁੱਤਰ ਦੀ ਦਾਤ

– ਸੰਤ ਇਕਬਾਲ ਸਿੰਘ ਜੀ ਮਨਚੰਦਾ (ਬੈਂਕਾਕ)

ਸੰਤ ਇਕਬਾਲ ਸਿੰਘ ਜੀ (ਬੈਂਕਾਕ) ਆਪਣੇ ਜਨਮ ਦੀ ਕਥਾ ਸੁਣਾਉਂਦੇ ਹਨ ਕਿ ਉਨ੍ਹਾਂ ਦਾ ਜਨਮ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨਾਂ ਨਾਲ ਹੋਇਆ ਸੀ। ਇਹਨਾਂ ਦੇ ਵੱਡੇ ਭਰਾ ਸੰਤ ਕ੍ਰਿਪਾਲ ਸਿੰਘ ਜੀ ਬਚਪਨ ਵਿਚ ਬਹੁਤ ਬੀਮਾਰ ਹੋ ਗਏ। ਕਿਸੇ ਵੀ ਡਾਕਟਰ ਦੀ ਦਵਾ-ਦਾਰੂ ਨਾਲ ਠੀਕ ਨਹੀਂ ਸਨ ਹੋ ਰਹੇ। ਉਹਨਾਂ ਦੀ ਮਾਤਾ ਰੋਜ਼ ਸਤਿਗੁਰਾਂ ਅੱਗੇ ਅਰਦਾਸ ਕਰਦੀ – "ਹੇ ਸੱਚੇ ਪਾਤਸ਼ਾਹ ! ਬਖ਼ਸ਼ਿਸ਼ ਕਰ, ਮੇਰਾ ਪੁੱਤਰ ਕ੍ਰਿਪਾਲ ਰਾਜ਼ੀ ਹੋ ਜਾਵੇ।"

ਕੁੱਝ ਦਿਨਾਂ ਬਾਅਦ ਮਾਤਾ ਜੀ ਨੂੰ ਰਾਤ ਸੁਪਨੇ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਆਣ ਦਰਸ਼ਨ ਦਿਤੇ ਤੇ ਆਖਿਆ ਕਿ "ਤੇਰੇ ਸਹੁਰੇ ਨੇ ਫਲਾਣੇ ਆਦਮੀ ਤੋਂ ਗੁੜ ਦੀ ਭੇਲੀ ਉਧਾਰ ਲਈ ਸੀ। ਉਸਨੂੰ ਵੀਹ ਰੁਪਈਏ ਵੀ ਦੇਣੇ ਸਨ। ਤੇਰਾ ਸਹੁਰਾ ਉਸ ਗਰੀਬ ਦੇ ਪੈਸੇ ਦਿਤੇ ਬਿਨਾ ਹੀ ਚੜ੍ਹਾਈ ਕਰ ਗਿਆ। ਉਹ ਗੁੜ ਵੇਚਣ ਵਾਲਾ ਬਹੁਤ ਗਰੀਬ ਹੈ। ਹੁਣ ਤੇਰਾ ਪਤੀ ਵੀ ਉਸਦੇ ਪੈਸੇ ਨਹੀਂ ਦੇ ਰਿਹਾ। ਆਪਣੇ ਪਤੀ ਨੂੰ ਆਖ ਕਿ ਉਸ ਗਰੀਬ ਗੁੜ ਵੇਚਣ ਵਾਲੇ ਦੇ ਵੀਹ ਰੁਪਏ ਵਾਪਸ ਦੇਕੇ ਆਵੇ। ਤਦ ਤੇਰਾ ਪੁੱਤਰ ਕ੍ਰਿਪਾਲ ਠੀਕ ਹੋ ਜਾਵੇਗਾ। ਤੈਨੂੰ ਇਕ ਪੁੱਤਰ ਹੋਰ ਵੀ ਦੇਵਾਂਗੇ ਜਿਹੜਾ ਪੂਰਨ ਗੁਰਸਿੱਖ, ਗੁਰੂ ਘਰ ਦਾ ਪ੍ਰੇਮੀ ਤੇ ਬਹੁਤ ਵੱਡਾ ਸੰਤ ਬਣੇਗਾ।"

ਕ੍ਰਿਪਾਲ ਸਿੰਘ ਦੀ ਮਾਤਾ ਸੋਚੀਂ ਪੈ ਗਈ ਕਿ ਉਹ ਇਹ ਗੱਲ ਆਪਣੇ ਪਤੀ ਨੂੰ ਕਿਸ ਤਰ੍ਹਾਂ ਕਹੇ। ਮਾਤਾ ਨੇ ਆਪਣੇ ਪਤੀ (ਕ੍ਰਿਪਾਲ ਸਿੰਘ ਦੇ ਪਿਤਾ) ਨੂੰ ਏਨਾ ਹੀ ਕਿਹਾ ਕਿ ਉਹਨਾਂ ਨੂੰ ਜਦੋਂ ਵੀ ਸਤਿਗੁਰਾਂ ਵਲੋਂ ਹੁਕਮ ਆਵੇ ਤਾਂ ਉਹ ਪਾਤਸ਼ਾਹ ਜੀ ਪਾਸ ਜਰੂਰ ਚਲੇ ਜਾਣ ਤੇ ਜੋ ਵੀ ਹੁਕਮ ਲਗਾਉਣ, ਉਸਨੂੰ 'ਸਤਿ ਬਚਨ' ਕਹਿਕੇ ਮੰਨ ਲੈਣ ਤੇ ਪੂਰਾ ਕਰਨ।

ਠੀਕ ਹੀ ਉਹਨਾਂ ਦਿਨਾਂ ਵਿਚ ਕ੍ਰਿਪਾਲ ਸਿੰਘ ਦੇ ਪਿਤਾ ਸੰਤ ਈਸ਼ਰ ਸਿੰਘ ਨੂੰ ਸਤਿਗੁਰਾਂ ਵਲੋ ਸੁਨੇਹਾ ਆ ਗਿਆ ਕਿ "ਜਲਦੀ ਸਾਡੇ ਪਾਸ ਆਓ।" ਸਤਿਗੁਰਾਂ ਦਾ ਹੁਕਮ ਮਿਲਣ ਤੇ ਸੰਤ ਈਸ਼ਰ ਸਿੰਘ ਆਪਣੀ ਪਤਨੀ ਅਤੇ ਪੁੱਤਰ ਕ੍ਰਿਪਾਲ ਸਿੰਘ ਨੂੰ ਲੈਕੇ ਸ੍ਰੀ ਸਤਿਗੁਰੂ ਜੀ ਪਾਸ ਜਾ ਹਾਜ਼ਰ ਹੋਏ।

ਜਦੋਂ ਈਸ਼ਰ ਸਿੰਘ ਨੇ ਪੁੱਛਿਆ – "ਪਾਤਸ਼ਾਹ ਜੀਓ, ਮੇਰੇ ਲਈ ਕੀ ਹੁਕਮ ਹੈ ?" ਤਾਂ ਸੱਚੇ ਪਾਤਸ਼ਾਹ ਜੀ ਨੇ ਉਹਨਾਂ ਦੀ ਪਤਨੀ ਨੂੰ ਸੁਪਨੇ ਵਾਲੀ ਗੱਲ ਚੇਤੇ ਕਰਵਾਈ। ਸਾਰੀ ਗੱਲ ਸੁਣਕੇ ਈਸ਼ਰ ਸਿੰਘ ਨੇ ਕਿਹਾ – "ਪਾਤਸ਼ਾਹ ਜੀਓ, ਪੈਸੇ ਹੁਣ ਤਾਂ ਮੇਰੇ ਕੋਲ ਹੈ ਨਹੀਂ, ਪਰ ਮੈਂ ਦੇ ਜ਼ਰੂਰ ਦਿਆਂਗਾ।"

ਸਤਿਗੁਰਾਂ ਫੁਰਮਾਇਆ – "ਜੇ ਹੁਣ ਪੈਸੇ ਤੇਰੇ ਕੋਲ ਨਹੀਂ ਤਾਂ ਕੋਈ ਜਾਮਨੀ ਭਰ ਦੇ।"

ਉਸ ਵਕਤ ਸੰਤ ਆਲਾ ਸਿੰਘ ਜੀ ਸ੍ਰੀ ਸਤਿਗੁਰੂ ਜੀ ਦੇ ਪਾਸ ਹੀ ਬੈਠੇ ਸਨ। ਸੰਤ ਆਲਾ ਸਿੰਘ ਨੇ ਜਾਮਨੀ ਦਿਤੀ ਕਿ "ਪੈਸੇ ਅਸੀਂ ਦੇ ਦਿਆਂਗੇ।"

ਅਟਲ ਪ੍ਰਤਾਪੀ ਸਤਿਗੁਰੂ ਜੀ ਖੁਸ਼ ਹੋ ਕੇ ਕਹਿਣ ਲੱਗੇ – "ਜਾਹ ਤੇਰਾ ਕ੍ਰਿਪਾਲ ਚੰਗਾ ਹੋ ਜਾਵੇਗਾ। ਤੇ ਹਾਂ, ਤੈਨੂੰ ਇਕ ਹੋਰ ਲੜਕਾ ਗੁਰੂ ਘਰ ਦਾ ਪ੍ਰੇਮੀ ਦਿੰਦੇ ਹਾਂ।"

ਕ੍ਰਿਪਾਲ ਸਿੰਘ ਤਾਂ ਰਾਜ਼ੀ ਹੋਇਆ ਹੀ, ਇੰਜ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਟਲ ਬਚਨਾਂ ਸਦਕਾ ਇਕਬਾਲ ਸਿੰਘ ਦਾ ਜਨਮ ਵੀ ਸੰਤ ਈਸ਼ਰ ਸਿੰਘ ਦੇ ਗ੍ਰਿਹਿ ਵਿਖੇ ਹੋਇਆ।

ਇਸ (ਸੰਤ) ਇਕਬਾਲ ਸਿੰਘ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਥਾਈਲੈਂਡ ਦੌਰਿਆਂ ਦੌਰਾਨ ਸ੍ਰੀ ਸਤਿਗੁਰੂ ਜੀ ਦੇ ਟੇਪ ਰਿਕਾਰਡ ਰਾਹੀਂ ਉਪਦੇਸ਼ ਇਕੱਤਰ ਕੀਤੇ ਅਤੇ ਉਹਨਾਂ ਦੌਰਿਆਂ ਸਬੰਧੀ ਬਹੁਤ ਸਾਰੇ ਸੁੰਦਰ ਲੇਖਾਂ ਦੀ ਰਚਨਾ ਵੀ ਕੀਤੀ। ਉਹ ਲੇਖ ਕਈ ਵਰ੍ਹੇ ਪਹਿਲਾਂ 'ਸਤਿਜੁਗ' ਵਿਚ ਛਪਦੇ ਰਹੇ।

ਇੰਜ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ 'ਵਰ' ਨਾਲ ਸੰਤ ਇਕਬਾਲ ਸਿੰਘ ਜੀ ਦੀ ਪੈਦਾਇਸ਼ ਹੋਈ ਤੇ ਉਹ ਗੁਰੂ ਘਰ ਦੇ ਪ੍ਰੇਮੀ ਤੇ ਉਚੇ-ਸੁੱਚੇ ਪੂਰਨ ਗੁਰਸਿੱਖ ਵੀ ਬਣੇ। (ਹੁਣ ਉਹ ਇਸ ਮਾਤ ਲੋਕ ਵਿਚ ਨਹੀਂ ਰਹੇ)

ਸਤਿਗੁਰੂ ਜੀ ਦੀ ਇਸ ਸ਼ਕਤੀ ਦਾ ਵਰਨਣ ਗੁਰਬਾਣੀ ਇੰਜ ਕਰਦੀ ਹੈ –

ਜੋ ਤੇਰੈ ਰੰਗ ਰਾਤੇ ਸੁਆਮੀ,
ਤਿਨਕਾ ਜਨਮ ਮਰਣ ਦੁਖ ਨਾਸਾ ॥
ਤੇਰੀ ਬਖ਼ਸ ਨ ਮੇਟੈ ਕੋਈ,
ਸਤਿਗੁਰ ਕਾ ਦਿਲਾਸਾ ॥

ਦੂਜੀ ਸਾਖੀ :-

ਸੰਤ ਇਕਬਾਲ ਸਿੰਘ ਜੀ ਦੱਸਦੇ ਹਨ ਕਿ ਸਤਿਗੁਰੂ ਜੀ ਜਦੋਂ ਵੀ ਸਿਆਮ ਦਰਸ਼ਨ ਦਿੰਦੇ ਸਨ ਤਾਂ ਰਾਗੀ ਸਿੰਘ ਸਤਿਗੁਰਾਂ ਦੇ ਨਾਲ ਹੁੰਦੇ ਸਨ। ਪਰ ਉਹਨਾਂ ਦੇ ਮਨ ਵਿਚ ਵੀ ਬੜਾ ਚਾਅ ਰਹਿੰਦਾ ਸੀ ਕਿ ਉਹ ਵੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕੀਰਤਨ ਕਰਨ।

ਇਕ ਵਾਰੀ ਸਤਿਗੁਰੂ ਜੀ ਸਿਆਮ ਦੇ ਦੌਰੇ ਤੇ ਸਨ। ਰਾਗੀ ਸਿੰਘ ਦੋ-ਤਿੰਨ ਦਿਨ ਦੇਰ ਨਾਲ ਪਹੁੰਚੇ। ਇਸ ਕਰਕੇ ਸਥਾਨਕ ਜੱਥੇ ਨੇ ਹੀ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ

ਕੀਤਾ। ਵੈਸੇ ਸਿਆਮ ਵਿਚ ਕੀਰਤਨ ਦੇ ਰਸੀਏ ਬਹੁਤ ਹਨ। ਸੰਤ ਗੁਰਬਖਸ਼ ਸਿੰਘ ਜੀ ਹੰਸ ਵਰਗੇ ਗੁਰਬਾਣੀ ਦੇ ਖੋਜੀ ਸਨ। ਬਹੁਤ ਸਾਰੇ ਸਿੰਘ ਕੀਰਤਨ ਦਾ ਸ਼ੌਕ ਰਖਦੇ ਸਨ। ਸੰਤ ਕ੍ਰਿਪਾਲ ਸਿੰਘ ਜੀ ਸੰਤ ਇਕਬਾਲ ਸਿੰਘ ਜੀ ਦੇ ਵੱਡੇ ਭਰਾਤਾ ਤੇ ਸੰਤ ਦਿਆਲ ਸਿੰਘ ਤੇ ਸੰਤ ਸੁੰਦਰ ਸਿੰਘ ਫਰੀਦ ਸਾਰੇ ਇਸੇ ਘਰਾਣੇ ਦੇ ਹਨ। ਸੰਤ ਕ੍ਰਿਪਾਲ ਸਿੰਘ ਜੀ ਵਾਜਾ ਵਜਾ ਰਹੇ ਸਨ। ਉਹ ਕਿਸੇ ਹਾਜ਼ਤ ਵਾਸਤੇ ਵਿਚੇ ਹੀ ਉਠਕੇ ਚਲੇ ਗਏ ਤੇ ਵਾਜਾ ਮੈਨੂੰ (ਇਕਬਾਲ ਸਿੰਘ) ਨੂੰ ਦੇ ਗਏ। ਸ਼ਾਮ ਦਾ ਦੀਵਾਨ ਲੱਗਾ। ਜਦੋਂ ਉਹ ਕ੍ਰਿਪਾਲ ਸਿੰਘ ਫੇਰ ਦੀਵਾਨ ਵਿਚ ਆਏ ਤਾਂ ਸਤਿਗੁਰੂ ਜੀ ਨੇ ਪੁਛਿਆ -

"ਤੂੰ ਵਿਚੇ ਕਿਉਂ ਉਠਕੇ ਚਲਿਆ ਗਿਆ ਸੀ ?"

ਤਾਂ ਸੰਤ ਜੀ ਨੇ ਕਿਹਾ ਕਿ ਮੈਂ ਜਲ ਵਰਤਣ ਚਲਿਆ ਗਿਆ ਸੀ, ਨਾਲੇ ਇਕਬਾਲ ਸਿੰਘ ਦਾ ਵੀ ਵਾਜਾ ਵਜਾਉਣ ਦਾ ਚਾਅ ਪੂਰਾ ਹੋ ਗਿਆ।"

ਤਾਂ ਸਤਿਗੁਰੂ ਜੀ ਨੇ ਖੁਸ਼ ਹੋਕੇ ਕਿਹਾ ਕਿ "ਇਹ ਸਾਰਾ ਪ੍ਰਵਾਰ ਹੀ ਰਾਗੀਆਂ ਦਾ ਹੈ। ਏਸ ਪ੍ਰਵਾਰ ਵਿਚ ਕੀਰਤਨ ਦੀ ਦਾਤ ਹਮੇਸ਼ਾ ਰਹੇਗੀ। ਕਿਉਂਕਿ ਰੱਬ ਖਾਵੇ ਰਾਗ ਨਿਆਮਤਾਂ ਪੈਹਨੇ ਸੱਚ ਪੁਸ਼ਾਕ।" ਸੰਤ ਸੁੰਦਰ ਸਿੰਘ ਤੇ ਸੰਤ ਦਿਆਲ ਸਿੰਘ ਜੀ ਸੋਹਣੀ ਢੋਲਕੀ ਵਜਾਉਂਦੇ ਸਨ ਤੇ ਕੀਰਤਨ ਦੇ ਰਸੀਏ ਸਨ। ਏਸ ਤੇ ਲਿਖਿਆ ਹੈ -

ਕਲਜੁਗ ਮਹਿ ਕੀਰਤਨ ਪਰਧਾਨਾ ॥
ਗੁਰਮੁਖ ਜਪੀਐ ਲਾਇ ਧਆਨਾ ॥
ਆਪ ਤਰੈ ਸਗਲੇ ਕੁਲ ਤਾਰੈ ॥
ਹਰ ਦਰਗਹ ਪਤ ਸਿਉ ਜਾਇਦਾ ॥

ਤੀਜੀ ਸਾਖੀ :-

ਸਤਿਗੁਰੂ ਪ੍ਰਤਾਪ ਸਿੰਘ ਜੀ ਸਮਾਜ ਵਿਚ ਆ ਰਹੀਆਂ ਕੁਰੀਤੀਆਂ ਨੂੰ ਹੌਲੀ ਹੌਲੀ ਘਟਾ ਰਹੇ ਸਨ। ਜਿਵੇਂ ਕਿ ਵਿਆਹਾਂ ਸਮੇਂ ਦਾਜ-ਦਹੇਜ ਲੈਣਾ, ਘੁੰਡ ਕੱਢਣਾ, ਲੱਡੂ ਵੰਡਣੇਵਗੈਰਾ ਵਗੈਰਾ। ਬਾਅਦ ਵਿਚ ਤਾਂ ਸੱਚੇ ਪਾਤਸ਼ਾਹ ਜੀ ਨੇ ਘਰਾਂ ਵਿਚ ਵਿਆਹ ਕਰਨੇ ਵੀ ਬੰਦ ਕਰ ਦਿਤੇ। ਸਮੂਹਕ ਆਨੰਦ ਕਾਰਜਾਂ ਦੀ ਪ੍ਰਥਾ ਮੁੜ ਤੋਰੀ। ਹੁਕਮ ਕੀਤਾ ਕਿ ਸਾਰੇ ਆਨੰਦ ਕਾਰਜ ਮੇਲਿਆਂ ਵਿਚ ਇਕੱਠੇ ਹੀ ਹੋਇਆ ਕਰਨਗੇ। ਇਸ ਪ੍ਰਥਾ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਹੋਰ ਸੁਧਾਰਿਆ।

ਇਕ ਘਟਨਾ ਬਹੁਤ ਪੁਰਾਣੀ ਹੈ। ਉਸ ਵਕਤ ਬੀਬੀਆਂ ਵਿਚ ਘੁੰਡ ਕੱਢਣਾ ਜ਼ਰੂਰੀ ਸੀ। ਇਹ ਵਾਰਤਾ ਕਰਮ ਸਿੰਘ ਨੇ ਸੰਤ ਇਕਬਾਲ ਸਿੰਘ ਨੂੰ ਸੁਣਾਈ।

ਸੇਠ ਦਿਆਲ ਸਿੰਘ ਹੁਰਾਂ ਦੀ ਭੂਆ ਦਾ ਵਿਆਹ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਹੁਕਮ ਕੀਤਾ - "ਸੇਠ ਜੀ ਤੁਸੀਂ ਪਹਿਲ ਕਰੋ, ਵਿਆਹ ਬਗੈਰ ਘੁੰਡ ਤੋਂ ਕਰਨਾ ਹੈ।" ਸੇਠ ਜੀ ਨੇ 'ਸਤਿ ਬਚਨ' ਕਿਹਾ। ਬਰਾਤ ਆ ਗਈ। ਬੀਬੀਆਂ ਨੂੰ ਘੁੰਡ ਤੋਂ ਬਗੈਰ ਦੇਖਕੇ ਰੁੜ੍ਹੀਵਾਦੀ ਅੜ ਗਏ ਕਿ ਅਸੀਂ ਤਾਂ ਘੁੰਡ ਕਢਾਕੇ ਹੀ ਵਿਆਹ ਕਰਾਂਗੇ। ਪਰ ਸੇਠ ਜੀ ਨੇ ਸਤਿਗੁਰੂ ਜੀ ਦਾ ਬਚਨ ਸਿਰ ਮੱਥੇ ਤੇ ਮੰਨਣ ਦਾ ਪ੍ਰਣ ਕੀਤਾ ਹੋਇਆ ਸੀ। ਏਸ ਕਰਕੇ ਉਹ ਆਪਣੀ ਹੱਠ ਤੇ ਅੜੇ ਰਹੇ ਤੇ ਕਿਹਾ ਕਿ ਵਿਆਹ ਏਸ ਤਰ੍ਹਾਂ ਹੀ ਹੋਵੇਗਾ। ਅਖੀਰ ਲੜਕੇ ਵਾਲਿਆਂ ਨੂੰ ਮੰਨਣਾ ਪਿਆ ਤੇ ਇਹ ਪਹਿਲਾ ਵਿਆਹ ਘੁੰਡ ਤੋਂ ਬਗੈਰ ਹੋਇਆ। ਫੇਰ ਇਹੋ ਹੀ ਚਾਲੀ ਪੈ ਗਈ। ਧੰਨ ਹਨ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਧੰਨ ਹਨ ਉਹਨਾਂ ਦੇ ਸਿੱਖ।

ਗਾਵਿਆ ਸੁਣਿਆ ਹਰ ਤਿਨ ਕਾ ਥਾਇ ਪਾਇ
ਜਿਨ ਸਤਿਗੁਰ ਕੀ ਆਗਿਆ ਸਭ ਸਤ ਕਰ ਮਾਨੀ ॥

ਚੌਥੀ ਸਾਖੀ :-

ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਤ ਇਕਬਾਲ ਸਿੰਘ ਹੁਰਾਂ ਨੂੰ ਇਕ ਪ੍ਰਸੰਗ ਇਸ ਤਰ੍ਹਾਂ ਸੁਣਾਇਆ ਕਿ ਜਦੋਂ ਭਗਤ ਸਿੰਘ ਘੋੜਿਆਂ ਵਾਲੇ ਦਾ ਆਨੰਦ ਕਾਰਜ ਹੋਣ ਲਗਿਆ ਤਾਂ ਉਸ ਵੇਲੇ ਨਾਲ ਹੀ ਸੰਤ ਆਲਾ ਸਿੰਘ ਜੀ ਦੇ ਭਤੀਜੇ ਦਾ ਵੀ ਆਨੰਦ ਕਾਰਜ ਹੋਣਾ ਸੀ, ਕਿਉਂਕਿ ਲੜਕੀਆਂ ਦੋਵੇਂ ਸਕੀਆਂ ਭੈਣਾਂ ਸਨ। ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਵਾਨ ਵਿਚੋਂ ਉਠਕੇ ਜਲ ਵਰਤਣ ਗਏ ਤਾਂ ਪ੍ਰਬੰਧਕਾਂ ਨੇ ਜੋੜਿਆਂ ਨੂੰ (ਭਾਵ ਜਿਸ ਜਿਸ ਦੇ ਨਾਲ ਲੜਕੀਆਂ ਮੰਗੀਆਂ ਹੋਈਆਂ ਸਨ, ਉਸ ਉਸ ਦੇ ਨਾਲ ਹੀ ਬਿਠਾ ਦਿਤਾ। ਸਤਿਗੁਰੂ ਜੀ ਵਾਪਸ ਆਏ ਤਾਂ ਕਹਿਣ ਲੱਗੇ ਕਿ "ਭਾਈ ਇਹ ਤੁਸਾਂ ਕੀ ਕੀਤਾ ? ਲੜਕੀਆਂ ਬਦਲ ਕੇ ਬਿਠਾਓ।" ਇਹ ਗੱਲ ਸਾਰਿਆਂ ਨੂੰ ਬੜੀ ਔਖੀ ਜਿਹੀ ਲਗੀ ਕਿ ਵਿਆਹ ਵੇਲੇ ਲੜਕੀਆਂ ਕਿਸ ਤਰ੍ਹਾਂ ਬਦਲੀਆਂ ਜਾ ਸਕਦੀਆਂ ਹਨ।

ਪਰ ਹੁਕਮ ਦੇ ਅੱਗੇ ਕਿਸੇ ਦੀ ਪੇਸ਼ ਨਾ ਗਈ। ਸੰਤ ਆਲਾ ਸਿੰਘ ਜੀ ਵੀ ਸਤਿਗੁਰੂ ਜੀ ਦੀ ਇਸ ਕਾਰ ਨੂੰ ਸਮਝ ਨਾ ਸਕੇ। ਉਹ ਵੀ ਗੁੱਸੇ ਹੋ ਗਏ ਪਰ ਲੜਕੀਆਂ ਦੇ ਪਿਤਾ ਇਸ ਇਮਤਿਹਾਨ ਵਿਚ ਪੂਰੇ ਉਤਰੇ। ਸਤਿਗੁਰੂ ਜੀ ਨੇ ਆਪਣੀ ਰਜ਼ਾ ਅਨੁਸਾਰ ਲੜਕੀਆਂ ਬਦਲ ਕੇ ਆਨੰਦ ਕਾਰਜ ਕਰ ਦਿਤੇ।

ਸੰਤ ਆਲਾ ਸਿੰਘ ਜੀ ਛੇ ਮਹੀਨੇ ਬਾਅਦ ਸਤਿਗੁਰਾਂ ਦੀ ਰਜ਼ਾ ਨੂੰ ਸਮਝੇ ਕਿਉਂਕਿ ਸੁਖ ਤਾਂ ਸਤਿਗੁਰੂ ਜੀ ਦੇ ਹੁਕਮ ਵਿਚ ਹੈ। ਸੰਤਾਂ ਨੇ ਵੀ ਮੰਨਿਆ ਕਿ ਇਹ ਜੋੜੇ ਇਸੇ ਤਰ੍ਹਾਂ ਹੀ ਸੁੱਖੀ ਰਹਿ ਸਕਦੇ ਸਨ। ਤਾਹੀਓਂ ਤਾਂ ਗੁਰਬਾਣੀ ਵਿਚ ਲਿਖਿਆ ਹੈ -

ਤੂੰ ਮੇਰੀ ਓਟ ਬਲ ਬੁੱਧ ਧਨ ਤੁਮਹੀ ਤੂੰ ਮੇਰੇ ਪਰਵਾਰੈ ॥
ਜੋ ਤੁਮ ਕਰਹੁ ਸੋਈ ਭਲ ਹਮਰੇ ਪੇਖ ਨਾਨਕ ਸੁਖ ਦਰਬਾਰੈ ॥

ਪੰਜਵੀਂ ਸਾਖੀ :-

ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਸਾਖੀਆਂ ਬੇਅੰਤ ਹਨ। ਸੰਤ ਇਕਬਾਲ ਸਿੰਘ ਜੀ ਇਸ ਤਰ੍ਹਾਂ ਸੁਣਾਉਂਦੇ ਹਨ : ਸਤਿਗੁਰੂ ਜੀ ਇਕ ਵਾਰ ਬੈਂਕਾਕ ਦਰਸ਼ਨ ਦੇ ਰਹੇ ਸਨ। ਸੰਤ ਆਲਾ ਸਿੰਘ ਜੀ ਵੀ ਉਸ ਦੌਰੇ ਤੇ ਸਤਿਗੁਰੂ ਜੀ ਨਾਲ ਸਨ। ਸਤਿਗੁਰੂ ਜੀ ਦਾ ਡੇਰਾ ਸੇਠ ਤ੍ਰਿਲੋਕ ਸਿੰਘ ਜੀ ਚਾਵਲਾ ਦੇ ਬੰਗਲੇ ਤੇ ਹੁੰਦਾ ਸੀ। ਇਹ ਬੰਗਲਾ ਨੈਸ਼ਨਲ ਸਟੇਡੀਅਮ ਦੇ ਸਾਹਮਣੇ ਸੀ। ਇਕ ਵਾਰ ਸਤਿਗੁਰੂ ਜੀ ਸੰਤ ਇਕਬਾਲ ਸਿੰਘ ਦੇ ਨਾਲ ਪੈਦਲ ਹੀ ਡੇਰੇ ਵੱਲ ਤੁਰ ਪਏ। ਡੇਰੇ ਪਹੁੰਚੇ ਤਾਂ ਉਥੇ ਸੰਤ ਪ੍ਰਤਾਪ ਸਿੰਘ ਮਸਤਾਨਾ, ਸੰਤ ਕ੍ਰਿਪਾਲ ਸਿੰਘ ਮਨਚੰਦਾ ਤੇ ਸੰਤ ਆਲਾ ਸਿੰਘ ਬੈਠੇ ਬਚਨ ਬਿਲਾਸ ਕਰ ਰਹੇ ਸਨ। ਸਤਿਗੁਰੂ ਜੀ ਨੇ ਸੰਤ ਆਲਾ ਸਿੰਘ ਜੀ ਪਾਸੋਂ ਪੁੱਛਿਆ ਕਿ "ਤੁਹਾਡੇ ਪਿੰਡ ਵਾਲੇ ਸੰਤ ਗੁਲਾਬ ਸਿੰਘ ਤਾਂ ਹਰ ਵੇਲੇ ਮੰਜੇ ਤੇ ਹੀ ਪਏ ਰਹਿੰਦੇ ਹਨ ਤੇ ਉਹ ਇਸ਼ਨਾਨ ਕਿਸ ਤਰ੍ਹਾਂ ਕਰਦੇ ਹਨ ?" ਤਾਂ ਸੰਤ ਆਲਾ ਸਿੰਘ ਜੀ ਕਹਿਣ ਲੱਗੇ ਕਿ "ਸੱਚੇ ਪਾਤਸ਼ਾਹ ਜੀ ਆਪ ਸਭ ਕੁੱਝ ਜਾਣਦੇ ਹੋ। ਆਪ ਜੀ ਕ੍ਰਿਪਾ ਕਰੋ ਤੇ ਦੱਸੋ ਜੀ।" ਤਾਂ ਸਤਿਗੁਰੂ ਜੀ ਗੱਲ ਟਾਲਣ ਵਾਸਤੇ ਕੋਰੀਆ ਦੇ ਜੰਗ ਦੀ ਗੱਲ ਕਰਨ ਲਗ ਪਏ। ਆਲਾ ਸਿੰਘ ਨੇ ਵਿਚੇ ਹੀ ਗੱਲ ਰੋਕ ਕੇ ਅਰਜ ਕੀਤੀ - "ਹੁਣ ਹੋਰ ਪਾਸੇ ਦੀ ਗੱਲ ਕਰਕੇ ਨਾ ਟਾਲੋ, ਆਪ ਜੀ ਗੁਲਾਬ ਸਿੰਘ ਵਾਲੀ ਗੱਲ ਪੂਰੀ ਕਰੋ ਜੀ।" ਫਿਰ ਸੰਤਾਂ ਨੂੰ ਹੀ ਸਤਿਗੁਰਾਂ ਨੇ ਹੁਕਮ ਕੀਤਾ ਕਿ ਪੂਰੀ ਗੱਲ ਸੁਣਾਓ।

ਸੰਤ ਆਲਾ ਸਿੰਘ ਜੀ ਕਹਿਣ ਲੱਗੇ ਕਿ "ਰਾਤ ਇਕ ਵਜੇ ਸਤਿਗੁਰੂ ਰਾਮ ਸਿੰਘ ਜੀ ਦਾ ਕੋਈ ਸਿੱਖ ਆਉਂਦਾ ਹੈ। ਗੁਲਾਬ ਸਿੰਘ ਦਾ ਇਕ ਸਰੀਰ ਮੰਜੇ ਤੇ ਪਿਆ ਰਹਿੰਦਾ ਹੈ ਤੇ ਇਕ ਸਰੀਰ ਨੂੰ ਉਹ ਚੁੱਕ ਕੇ ਲੈ ਜਾਂਦਾ ਹੈ। ਉਸਨੂੰ ਲਿਜਾਕੇ ਉਹ ਜੰਗਲ-ਪਾਣੀ ਕਰਾਕੇ, ਇਸ਼ਨਾਨ ਕਰਾਕੇ ਵਾਪਸ ਛੱਡ ਜਾਂਦਾ ਹੈ। ਸਤਿਗੁਰੂ ਜੀ ਦੀ ਲੀਲਾ ਅਪਾਰ ਹੈ ਕੋਈ ਜਾਣ ਨਹੀਂ ਸਕਦਾ, ਉਹ -

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪ
ਆਪਨ ਕੀਆ ਨਾਨਕਾ ਆਪੇ ਹੀ ਫਿਰ ਜਾਪ ॥

ਛੇਵੀਂ ਸਾਖੀ :-

ਇਹ ਚੋਜ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸੰਤ ਇਕਬਾਲ ਸਿੰਘ ਜੀ ਇਸ ਤਰ੍ਹਾਂ ਸੁਣਾਉਂਦੇ ਸਨ : ਸਤਿਗੁਰੂ ਜੀ ਬੈਂਕਾਕ ਵਿਚ ਦਰਸ਼ਨ ਦੇ ਰਹੇ ਸਨ ਤਾਂ ਉਥੇ ਇਕ ਮਾਈ ਸੀ ਜੋ ਗੈਰ ਨਾਮਧਾਰਨ ਸੀ। ਪਰ ਸਤਿਗੁਰੂ ਜੀ ਦਾ ਦਰਸ਼ਨ ਬੜੇ ਪ੍ਰੇਮ ਨਾਲ ਕਰਦੀ ਹੁੰਦੀ ਸੀ। ਉਸਦੇ ਪਤੀ ਦਾ ਨਾਮ ਲਾਭ ਸਿੰਘ ਸੀ।

ਇਕ ਵਾਰ ਉਸ ਮਾਈ ਦੀ ਲੱਤ ਤੇ ਫੋੜਾ ਨਿਕਲ ਆਇਆ। ਘਰ ਦੇ ਓੜ੍ਹ-ਪੋੜ੍ਹ ਨਾਲ ਆਰਾਮ ਨਾ ਆਇਆ ਤਾਂ ਉਸ ਮਾਈ ਨੂੰ ਹਸਪਤਾਲ ਦਾਖਲ ਕਰਾਉਣਾ ਪਿਆ। ਇਸੇ ਹਸਪਤਾਲ ਵਿਚ ਕਿਸੇ ਬਿਮਾਰੀ ਕਾਰਨ ਸੰਤ ਨਿਹਾਲ ਸਿੰਘ ਜੀ ਜੋ ਨਾਮਧਾਰੀ ਸਨ, ਵੀ ਦਾਖਲ ਸਨ। ਉਹਨਾਂ ਦੇ ਪ੍ਰਵਾਰ ਨੇ ਸਤਿਗੁਰੂ ਜੀ ਅੱਗੇ ਅਰਜ ਬੇਨਤੀ ਕੀਤੀ ਕਿ "ਗਰੀਬ ਨਿਵਾਜ ਕ੍ਰਿਪਾ ਕਰਕੇ ਸੰਤਾਂ ਨੂੰ ਹਸਪਤਾਲ ਵਿਖੇ ਦਰਸ਼ਨ ਦਿਓ।" ਅਰਜ ਬੇਨਤੀ ਮੰਜੂਰ ਹੋ ਗਈ। ਸਤਿਗੁਰੂ ਜੀ ਸੰਤ ਨਿਹਾਲ ਸਿੰਘ ਨੂੰ ਦਰਸ਼ਨ ਦੇਣ ਹਸਪਤਾਲ ਪਹੁੰਚੇ। ਸਤਿਗੁਰਾਂ ਨੂੰ ਜਦੋਂ ਇਹ ਪਤਾ ਲੱਗਿਆ ਕਿ ਮਾਈ ਵੀ ਇਸੇ ਹਸਪਤਾਲ ਵਿਚ ਹੈ ਤਾਂ ਸਤਿਗੁਰੂ ਜੀ ਮਾਈ ਨੂੰ ਦਰਸ਼ਨ ਦੇਣ ਲਈ ਮਾਈ ਦੇ ਕਮਰੇ ਵਿਚ ਪਹੁੰਚ ਗਏ। ਮਾਈ ਤੇ ਗਦ-ਗਦ ਹੋ ਗਈ। ਉਸ ਮਾਈ ਨੇ ਰੋ-ਰੋ ਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ ਕੀਤੀ ਕਿ ਗਰੀਬ ਨਿਵਾਜ ਜੀਓ, ਡਾਕਟਰ ਕਹਿੰਦੇ ਹਨ ਕਿ ਇਕ ਲੱਤ ਵੱਢਣੀ ਪੈਣੀ ਹੈ। ਦੱਸੋ ਤਾਂ ਸੱਚੇ ਪਾਤਸ਼ਾਹ ਜੀ, ਮੈਂ ਇਕ ਲੱਤ ਨਾਲ ਬੁੱਢੜੀ ਕਿਵੇਂ ਤੁਰੀ ਫਿਰਾਂਗੀ ? ਇਹ ਕਹਿਕੇ ਮਾਈ ਵੈਰਾਗਣ ਹੋ ਗਈ। ਸੱਚੇ ਪਾਤਸ਼ਾਹ ਜੀ ਗਏ ਹੀ ਮਾਈ ਕਰਕੇ ਸੀ ਤੇ ਬਚਨ ਕੀਤਾ - "ਤੂੰ ਫਿਕਰ ਨਾ ਕਰ ਤੇਰੀ ਲੱਤ ਨਹੀਂ ਵੱਢਦੇ ਤੂੰ ਤਾਂ ਅਜੇ ਦੌੜਨਾ ਹੈ ।" ਸੱਚੇ ਪਾਤਸ਼ਾਹ ਜੀ ਇਹ ਬਚਨ ਕਰਕੇ ਆ ਗਏ। ਮਾਈ ਨੂੰ ਪੂਰਾ ਵਿਸ਼ਵਾਸ ਸੀ ਕਿ ਸਤਿਗੁਰਾਂ ਦਾ ਬਚਨ ਕਦੇ ਬਿਰਥਾ ਨਹੀਂ ਜਾਣਾ ਤੇ ਨਾ ਹੀ ਕਦੇ ਝੂਠ ਹੋ ਸਕਦਾ ਹੈ ?"

ਦੂਸਰੇ ਦਿਨ ਡਾਕਟਰਾਂ ਨੇ ਮਾਈ ਦੇ ਪੁੱਤਰ ਨੂੰ ਕਿਹਾ ਕਿ ਲੱਤ ਵੱਢਣੀ ਪੈਣੀ ਹੈ ਹੋਰ ਕੋਈ ਰਸਤਾ ਨਹੀਂ ਹੈ ? ਤੁਸੀਂ ਇਸ ਲੱਤ ਦੇ ਕੱਟਣ ਵਾਸਤੇ ਇਥੇ ਦਸਖਤ ਕਰ ਦਿਓ। ਕਿਉਂਕਿ ਹਰ ਹਸਪਤਾਲ ਵਿਚ ਆਪਰੇਸ਼ਨ ਕਰਨ ਤੋਂ ਪਹਿਲਾਂ ਡਾਕਟਰ ਦਸਖਤ ਕਰਵਾ ਲੈਂਦੇ ਹਨ। ਲੜਕੇ ਨੇ ਦਸਖਤ ਕਰ ਦਿਤੇ। ਸਾਰੇ ਸਰੀਰ ਵਿਚ ਹੀ ਜ਼ਹਿਰ ਫੈਲਣ ਦਾ ਖਤਰਾ ਸੀ। ਮਾਈ ਨੂੰ ਆਪਰੇਸ਼ਨ ਕਰਨ ਵਾਸਤੇ ਆਪਰੇਸ਼ਨ ਦੇ ਕਮਰੇ ਵਿਚ ਲੈ ਗਏ ਤਾਂ ਮਾਈ ਨੇ ਉਚੀ ਉਚੀ ਰੌਲਾ ਪਾ ਦਿਤਾ- "ਮੇਰੀ ਲੱਤ ਕੋਈ ਵੱਢ ਨਹੀਂ ਸਕਦਾ, ਇਹ ਮੇਰੇ ਸਤਿਗੁਰਾਂ ਦਾ ਹੁਕਮ ਹੈ ?"

ਅੰਦਰ ਲਿਜਾ ਕੇ ਡਾਕਟਰ ਫਿਰ ਸਲਾਹ ਕਰਨ ਲੱਗੇ। ਇਕ ਅਮਰੀਕਨ ਡਾਕਟਰ ਸੀ, ਉਹ ਕਹਿਣ ਲੱਗਾ ਕਿ ਇਕ ਨਵੀਂ ਦਵਾਈ ਨਿਕਲੀ ਹੈ, ਉਹ ਵਰਤ ਕੇ ਦੇਖ ਲੈਂਦੇ ਹਾਂ।

ਉਹਨਾਂ ਨੇ ਉਸ ਦਵਾਈ ਦਾ ਟੀਕਾ ਲੱਤ ਵਿਚ ਲਾਇਆ। ਦੂਜੇ ਦਿਨ ਦੇਖਿਆ ਕਿ ਲੱਤ ਨੂੰ ਕਾਫੀ ਮੋੜ ਸੀ। ਅੱਜ ਹੋਰ ਤੇ ਕਲ੍ਹ ਹੋਰ। ਮਾਈ ਦੋ ਹਫਤੇ ਵਿਚ ਹੀ ਰਾਜੀ ਹੋਕੇ ਘਰ ਆ ਗਈ ਤੇ ਆਂਢ ਗੁਆਂਢ ਨੂੰ ਕਹਿੰਦੀ ਫਿਰੇ ਕਿ ਦੇਖੋ "ਮੇਰਾ ਸਤਿਗੁਰ ਸੱਚਾ ਤੇ ਇਹ ਡਾਕਟਰ ਝੂਠੇ। ਵੇਖੋ ਮੈਂ ਦੌੜਣ ਜੋਗੀ ਹੋ ਗਈ ਹਾਂ।" ਮਾਈ ਕਈ ਸਾਲ ਜਿਉਂਦੀ ਰਹੀ ਤੇ ਸੇਵਾ ਕਰਦੀ ਰਹੀ ਤੇ ਕਹਿੰਦੀ ਰਹੀ -ਵੱਡੇ ਮੇਰੇ ਸਾਹਿਬਾ ਗੁਣੀ ਗਹੀਰਾ ॥

ਕੋਇ ਨਾ ਜਾਣੈ ਤੇਰਾ ਕੇਤਾ ਕੇਵੜ ਚੀਰਾ ॥

ਜ਼ਹਿਰ ਤੋਂ ਬਚਾਇਆ

– ਮਾਸਟਰ ਨਿਹਾਲ ਸਿੰਘ ਜੀ

ਮਾਸਟਰ ਨਿਹਾਲ ਸਿੰਘ ਜੀ ਨੂੰ ਨਾਮਧਾਰੀ ਪੰਥ ਦਾ ਬੱਚਾ ਬੱਚਾ ਜਾਣਦਾ ਹੈ। ਆਪ ਜੀ ਦਾ ਜਨਮ ਪਿੰਡ ਗਿੱਲ ਬਾਬਾ ਜਮੀਤ ਸਿੰਘ ਜੀ ਵਾਲਾ ਵਿਖੇ ਹੋਇਆ। ਆਪ ਜੀ ਬਚਪਨ ਤੋਂ ਹੀ ਹੋਣਹਾਰ ਸਨ। ਆਪ ਜੀ ਦੇ ਛੋਟੇ ਭਾਈ ਸੰਤ ਸੁਖਦੇਵ ਸਿੰਘ ਜੀ ਸੰਤ ਰਲਾ ਸਿੰਘ ਜੀ ਦੇ ਸੇਵਕ ਰਹੇ ਹਨ। ਮਾਸਟਰ ਜੀ ਆਪਣੀ ਪੜ੍ਹਾਈ ਪੂਰੀ ਕਰਕੇ ਰਾਵਲਪਿੰਡੀ ਜਾਕੇ ਖਾਲਸਾ ਸਕੂਲ ਵਿਚ ਨੌਕਰੀ ਕਰਨ ਲਗ ਪਏ। ਉਹਨਾਂ ਦਿਨਾਂ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਨਾਲ ਪੱਤਰਾ-ਪਾਠ ਸ਼ੁਰੂ ਹੋ ਚੁੱਕਾ ਸੀ।

ਇਹ ਸੰਨ 1941 ਦੀ ਗੱਲ ਹੈ। ਸ੍ਰਦਾਰ ਆਤਮਾ ਸਿੰਘ ਜੀ ਉਹਨਾਂ ਦਿਨਾਂ ਵਿਚ ਬੜੇ ਜੋਰ ਸ਼ੋਰ ਨਾਲ ਨਾਮਧਾਰੀ ਪੰਥ ਦਾ ਪ੍ਰਚਾਰ ਪ੍ਰਸਾਰ ਕਰ ਰਹੇ ਸਨ ਤੇ ਵਿਰੋਧੀ ਪਾਰਟੀਆਂ ਵੀ ਬੜੇ ਜੋਰ-ਸ਼ੋਰ ਨਾਲ 'ਪੱਤਰਾ-ਪਾਠ' ਬਾਰੇ ਸਤਿਗੁਰਾਂ ਦਾ ਵਿਰੋਧ ਕਰ ਰਹੀਆਂ ਸਨ। ਸਤਿਗੁਰੂ ਜੀ ਵਲੋਂ ਮਾਸਟਰ ਜੀ ਦੀ ਡਿਉਟੀ 'ਪੱਤਰਾ-ਪਾਠ' ਦਾ ਹਿਸਾਬ-ਕਿਤਾਬ ਰੱਖਣ ਤੇ ਲਾਈ ਗਈ। ਨਾਮਧਾਰੀ ਸਕੇਸੀ ਇਸ਼ਨਾਨ ਕਰਕੇ, ਸਿਰ 'ਤੇ ਰੁਮਾਲ ਰੱਖ ਕੇ ਬੜੇ ਅਦਬ ਨਾਲ ਪਾਠ ਕਰਦੇ ਸਨ ਪਰ ਦੂਜੇ ਲੋਕਾਂ ਦੀ ਤਾਂ ਇਹ ਗੱਲ ਸੀ –

ਨ ਦੇ ਹੈ ਚੁਰੂ ਭਰ ਪਾਨੀ
ਤਿਹ ਨਿੰਦੇ ਜਿਹ ਗੰਗਾ ਆਨੀ ॥

ਨਿੰਦਿਆ ਕਰਦੇ ਤੇ ਕਹਿੰਦੇ ਕਿ ਕੂਕੇ ਗੁਰਬਾਣੀ ਦੀ ਬੇਅਦਬੀ ਕਰਦੇ ਹਨ, ਖਾਸ ਕਰਕੇ ਖਾਲਸਾ ਸਕੂਲ ਦੇ ਹੈਡ ਮਾਸਟਰ। ਪ੍ਰਿੰਸੀਪਲ ਨੇ ਮਾਸਟਰ ਜੀ ਨੂੰ ਹੁਕਮ ਦੇ ਦਿਤਾ ਕਿ ਉਹ ਨਾਮਧਾਰੀ ਦੀਵਾਨਾਂ ਵਿਚ ਨਾ ਜਾਣ। ਪਰ ਮਾਸਟਰ ਜੀ ਨੇ ਕਿਹਾ ਕਿ ਮੈਂ ਤਾਂ ਜਰੂਰ ਜਾਵਾਂਗਾ। ਮੇਰਾ ਇਹ ਅਸਤੀਫਾ ਸਾਂਭ ਲਓ। ਇਹ ਘਟਨਾ ਸੁਣਕੇ ਸ੍ਰਦਾਰ ਆਤਮਾ ਸਿੰਘ ਜੀ ਨੂੰ ਬੜਾ ਦੁੱਖ ਹੋਇਆ ਕਿ ਇਕ ਨੌਜਵਾਨ ਕੰਮ ਤੋਂ ਵਿਹਲਾ ਹੋ ਗਿਆ ਹੈ। ਉਹਨਾਂ ਨੇ ਹੈਡਮਾਸਟਰ ਨੂੰ ਜਾਕੇ ਕਿਹਾ ਕਿ ਉਹ ਮਾਸਟਰ ਜੀ ਨੂੰ ਦੁਬਾਰਾ ਡਿਊਟੀ ਤੇ ਲੈ ਲੈਣ। ਇਧਰ ਮਾਸਟਰ ਜੀ ਨਾ ਮੰਨੇ। ਉਹਨਾਂ ਨੂੰ ਹੋਰ ਵੀ ਚੰਗੀ ਨੌਕਰੀ ਮਿਲ ਗਈ। ਕਿਉਂਕਿ ਸਤਿਗੁਰੂ ਜੀ ਦਾ ਮਿਹਰਾਂ ਭਰਿਆ ਹੱਥ ਸਿਰ ਤੇ ਸੀ। ਜਦੋਂ ਸਤਿਗੁਰੂ ਜੀ ਨੂੰ ਪਤਾ ਲਗਿਆ ਤਾਂ ਸਤਿਗੁਰੂ ਜੀ ਮਾਸਟਰ ਜੀ ਨੂੰ ਸ੍ਰੀ ਭੈਣੀ ਸਾਹਿਬ ਲੈ ਆਏ। ਸ੍ਰੀ ਭੈਣੀ ਸਾਹਿਬ ਮਾਸਟਰ ਜੀ ਨੂੰ ਲਿਆਕੇ ਹੁਕਮ ਕੀਤਾ ਕਿ "ਤੁਸੀਂ ਸਾਹਿਬਜ਼ਾਦੇ ਜਗਜੀਤ ਸਿੰਘ ਜੀ ਤੇ ਬੀਰ ਸਿੰਘ ਹੁਰਾਂ ਨੂੰ ਪੜ੍ਹਾਓ।"

ਮਾਸਟਰ ਜੀ ਪੜ੍ਹਾਉਣ ਦੇ ਨਾਲ ਨਾਲ ਉਹਨਾਂ ਨਾਲ ਖੂਬ ਖੇਡਦੇ, ਨਹਿਰ ਵਿਚ ਨਹਾਉਣ ਦਾ ਆਨੰਦ ਉਠਾਉਂਦੇ। ਸਤਿਗੁਰਾਂ ਨੇ ਮਾਸਟਰ ਜੀ ਦੇ ਬੱਚਿਆਂ ਨੂੰ ਵੀ ਸ੍ਰੀ ਭੈਣੀ ਸਾਹਿਬ ਹੀ ਬੁਲਾ ਲਿਆ।

ਉਥੋਂ ਮਾਸਟਰ ਜੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ 'ਸਤਿਜੁਗ' ਵਿਚ ਕੰਮ ਕਰਨ ਲਈ ਸ੍ਰੀ ਜੀਵਨ ਨਗਰ ਚਲੇ ਗਏ। ਫੇਰ ਤਾਂ ਮਾਸਟਰ ਜੀ ਨੇ ਕਿੰਨੀ ਕੁ ਪੰਥ ਦੇ ਇਤਿਹਾਸ ਦੀ ਸੇਵਾ ਕੀਤੀ, ਉਹ ਕਹਿਣੀ ਕਥਨ ਤੋਂ ਬਾਹਰ ਹੈ। ਕਈ ਕਿਤਾਬਾਂ ਲਿਖੀਆਂ ਤੇ ਫਿਰ ਸ੍ਰੀ ਜੀਵਨ ਨਗਰ ਵਿਚ ਗੁਰੂ ਹਰੀ ਸਿੰਘ ਕਾਲਜ ਵਿਚ ਅਣਥੱਕ ਕੰਮ ਕੀਤਾ।

ਇਕ ਵਾਰ ਦੀ ਘਟਨਾ ਹੈ ਮਾਸਟਰ ਜੀ ਆਪਣੀ ਲੜਕੀ ਦੇ ਨਾਲ ਸੋਧ ਦੇ ਜਲ ਦਾ ਗੜਵਾ ਲੈਣ ਲਈ ਜਾ ਰਹੇ ਸਨ ਕਿ ਰਸਤੇ ਵਿਚ ਹਨੇਰਾ ਹੋਣ ਕਰਕੇ ਮਾਸਟਰ ਜੀ ਨੂੰ ਇਕ ਕੋਬਰੇ ਸੱਪ ਨੇ ਡਸ ਲਿਆ। ਮਾਸਟਰ ਜੀ ਨੇ ਆਪਣੇ ਦੇਸੀ ਇਲਾਜ ਕਰਨ ਵਾਸਤੇ ਬਾਜਾਰ ਵਿਚੋਂ ਰੀਠੇ ਮੰਗਵਾ ਕੇ ਰਗੜਕੇ ਪੀਤੇ ਪਰ ਪੂਰਾ ਆਰਾਮ ਨਾ ਆਇਆ। ਜਦੋਂ ਸਵੇਰੇ ਉਠੇ ਤਾਂ ਗਲਾ ਸੁੱਜ ਚੁਕਿਆ ਸੀ, ਬੋਲਣ ਤੋਂ ਅਸਮਰਥ ਸਨ। ਏਥੋਂ ਤਕ ਕਿ ਪਾਣੀ ਵੀ ਲਿਖਕੇ ਹੀ ਮੰਗਿਆ।ਮਾਤਾ ਸੰਤ ਕੌਰ ਨੂੰ ਪਤਾ ਚਲਿਆ। ਉਹਨਾਂ ਨੇ ਨਾਗ-ਬੂਟੀ ਭੇਜੀ। ਉਹਦੇ ਨਾਲ ਕੁੱਝ ਆਰਾਮ ਮਿਲਿਆ ਪਰ ਲੱਤਾਂ ਬਹੁਤ ਸੁੱਜ ਗਈਆਂ ਸਨ। ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਉਹਨਾਂ ਦਿਨਾਂ ਵਿਚ ਬਾਹਰ ਦੌਰੇ ਤੇ ਗਏ ਹੋਏ ਸਨ। ਉਹ ਪੰਜ-ਸੱਤ ਦਿਨਾਂ ਬਾਅਦ ਵਾਪਸ ਆਏ ਤਾਂ ਉਹਨਾਂ ਨੂੰ ਖਬਰ ਮਿਲੀ ਤਾਂ ਉਹਨਾਂ ਆਉਂਦਿਆਂ ਹੀ ਬਚਨ ਕੀਤਾ ਕਿ "ਘਬਰਾਉਣ ਦੀ ਕੋਈ ਲੋੜ ਨਹੀਂ, ਪਿਛਲਾ ਹਿਸਾਬ ਕਿਤਾਬ ਚਲ ਰਿਹਾ ਹੈ।"

ਰਾਤ ਨੂੰ ਮਾਸਟਰ ਜੀ ਨੇ ਸੁਪਨੇ ਵਿਚ ਵੇਖਿਆ ਕਿ ਕੋਈ ਸਾਧੂ ਉਹਨਾਂ ਦੀਆਂ ਲੱਤਾਂ ਵਿਚੋਂ ਸੂਤ ਸੂਤ ਕੇ ਜ਼ਹਿਰ ਕੱਢ ਰਿਹਾ ਹੈ ਤੇ ਜ਼ਹਿਰ ਜ਼ਮੀਨ ਤੇ ਡਿੱਗ ਰਿਹਾ ਹੈ। ਜਦੋਂ ਸਵੇਰੇ ਮਾਸਟਰ ਜੀ ਨੇ ਜਾਗ ਕੇ ਦੇਖਿਆ ਤਾਂ ਉਹਨਾਂ ਦੇ ਮੰਜੇ

ਥੱਲੇ ਜ਼ਹਿਰ ਅਤੇ ਖ਼ੂਨ ਸਾਰੇ ਖਿਲਰਿਆ ਪਿਆ ਹੈ ਤੇ ਮਾਸਟਰ ਜੀ ਨੂੰ ਪਤਾ ਲਗਿਆ ਕਿ ਉਹਨਾਂ ਦਾ ਸਰੀਰ ਬਿਲਕੁਲ ਤੰਦਰੁਸਤ ਹੈ। ਉਹ ਨੌਂ-ਬਰ-ਨੌਂ ਹਨ। ਕੋਈ ਜ਼ਹਿਰ ਬਾਕੀ ਨਹੀਂ ਸੀ। ਕੋਈ ਸੋਜਸ਼ ਬਾਕੀ ਨਹੀਂ ਸੀ। ਏਸੇ ਤਰ੍ਹਾਂ ਸਤਿਗੁਰੂ ਜੀ ਨੇ -

ਬਿਖਿਆ ਭਯੰਤ ਅਮੰਤ ਦੂਸ਼ਟਾ ਸਖਾ ਸਵਜਨਹ ॥
ਦੂਖੰ ਭਯੰਤ ਸੁਖੰ ਭੈ ਭੀਤ ਤੰ ਤ ਨਿਰਭਣਹ ॥
ਥਾਨ ਬਿਹੂਨ ਬਿਸਰਾਮ ਨਾਮੰ ਨਾਨਕ ਕ੍ਰਿਪਾਲ
ਹਰ ਹਰ ਗੁਰਹ ॥

ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ !

ਦੂਜੀ ਸਾਖੀ :-

ਜਦੋਂ ਸੰਨ 1949 ਵਿਚ ਸ੍ਰੀ ਸੁਹੇਵੇ ਸਾਹਿਬ ਅਖੰਡ ਪਾਠ ਹੋਏ ਸਨ, ਇਹ ਵਾਰਤਾ ਉਸ ਵੇਲੇ ਦੀ ਹੈ। ਮਾਸਟਰ ਨਿਹਾਲ ਸਿੰਘ ਜੀ ਦੱਸਦੇ ਹਨ :

ਪੰਡਤ ਚੌਲਤਾ ਪ੍ਰਸਾਦ ਬੜੇ ਗਿਆਨੀ ਤੇ ਬੇਦ ਵਕਤਾ ਸਨ। ਉਹਨਾਂ ਨੂੰ ਸਤਿਗੁਰੂ ਜੀ ਵਿਚੋਂ ਪਹਿਲਾਂ ਸ੍ਰੀ ਰਾਮਚੰਦਰ ਜੀ ਤੇ ਫੇਰ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਜੀ ਦੇ ਤੇ ਫੇਰ ਗੁਰੂ ਰਾਮ ਸਿੰਘ ਜੀ ਦੇ ਤੇ ਅਖੀਰ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਹੋਏ ਸਨ। ਉਹ ਕਹਿੰਦੇ ਹੁੰਦੇ ਸਨ ਕਿ ਉਹ ਤੜਕੇ ਸਵੇਰੇ ਸਾਰ ਬੰਸਰੀ ਦੀ ਧੁਨ ਆਪਣੇ ਕੰਨਾਂ ਨਾਲ ਸੁਣਦੇ ਸਨ।

ਭੋਗ ਦਾ ਆਖਰੀ ਦਿਨ ਸੀ। ਸੰਤ ਦਰਸ਼ਨ ਸਿੰਘ ਸੰਤ ਖਜਾਨ ਸਿੰਘ ਤੇ ਸੰਤ ਨਿਧਾਨ ਸਿੰਘ ਜੀ ਆਲਿਮ ਆਪਣਾ ਕੀਰਤਨ ਵਖਿਆਣ ਕਰ ਰਹੇ ਸਨ। ਧਾਰਨਾ ਦਸਮ ਗ੍ਰੰਥ ਵਿਚੋਂ ਪੜ੍ਹ ਰਹੇ ਸਨ। ''ਸੁਣਿਆ ਰਾਮ ਆਏ'' ਤੇ ਬੜੇ ਪ੍ਰਮਾਣ ਦੇਣ :-

ਧਾਈ ਲੁਗਾਈ ਆਵੇ ॥ ਭੀਰੋ ਨਾ ਬਾਰ ਪਾਵੇ ॥
ਜਿਨ ਮਨ ਹਰਾ ਹਮਾਰਾ ਵੁਹ ਗੁਲ ਚਿਹਰਾ ਕਹਾ ਹੈ ॥

ਤੇ ਮਸਤਾਨੇ ਆਪਣੇ ਹੀ ਰੰਗ ਵਿਚ ਨੱਚ ਰਹੇ ਸਨ। ਪੰਡਾਲ ਵਿਚ ਬਹੁਤ ਮਸਤਾਨੇ ਸਨ। ਪੰਡਤ ਚੌਲਤਾ ਪ੍ਰਸਾਦ ਵੀ ਮਸਤੀ ਵਿਚ ਉਠਕੇ ਨੱਚਣ ਲਗ ਪਏ ਤੇ ਬਾਰ ਬਾਰ ਕਹਿਣ -

''ਅਬ ਮੈਂ ਨਹੀਂ ਰੁਕੂੰਗਾ। ਮੈਨੇ ਜੋ ਕੁੱਝ ਦੇਖਾ ਹੈ ਸਚ ਕਹਿਣੇ ਸੇ ਨਹੀਂ ਰੁਕੂੰਗਾ।'' ਤੇ ਫੇਰ ਆਪਣੀ ਸਾਰੀ ਕਹਾਣੀ ਦੱਸੀ ਕਿ ਕਿਸ ਤਰ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਰੂਪ ਬਦਲ ਬਦਲ ਕੇ ਦਰਸ਼ਨ ਦਿਤੇ ਹਨ।''

ਸਤਿਗੁਰੂ ਜੀ ਸੁਣ ਕੇ ਵਿਸਮਾਦ ਰੂਪ ਧਾਰੀ ਚੁੱਪ ਬੈਠੇ ਰਹੇ। ਬਿਲਕੁਲ ਭੀ ਰੋਕਿਆ ਨਹੀਂ। ਹੋਰ ਭੀ ਮਸਤਾਨੇ ਸਤਿਗੁਰਾਂ ਪ੍ਰਤੀ ਕਈ ਬੋਲ ਬੋਲਦੇ ਰਹੇ। ਇਹ ਰੰਗ ਜਿਨ੍ਹਾਂ ਨੇ ਵੇਖਿਆ ਹੈ ਉਹੀ ਜਾਣਦੇ ਹਨ।

ਤੀਜੀ ਸਾਖੀ :-

ਇਕ ਵਾਰਤਾ ਮਾਸਟਰ ਨਿਹਾਲ ਸਿੰਘ ਜੀ ਇਸ ਤਰ੍ਹਾਂ ਸੁਣਾਉਂਦੇ ਹਨ ਕਿ ਉਹਨਾਂ ਦਾ ਲੜਕਾ ਮਨਮੋਹਨ ਅਜੇ ਤਿੰਨ ਚਾਰ ਸਾਲਾਂ ਦਾ ਹੀ ਸੀ। ਸ੍ਰੀ ਭੈਣੀ ਸਾਹਿਬ ਟਰੱਕ ਇੱਟਾਂ ਦਾ ਆਇਆ। ਸਾਰੇ ਇੱਟਾਂ ਲਾਹੁਣ ਲਗ ਪਏ ਤਾਂ ਮਨਮੋਹਨ ਵੀ ਟਰੱਕ 'ਤੇ ਚੜ੍ਹ ਗਿਆ ਤੇ ਇੱਟਾਂ ਲਾਹੁਣ ਲਗ ਪਿਆ। ਮਾਤਾ ਨੇ ਬੱਚੇ ਨੂੰ ਉਤਾਰ ਲਿਆ ਕਿ ਕਿਤੇ ਸੱਟ ਫੇਟ ਨਾ ਲਗ ਜਾਵੇ। ਪਰ ਮਨਮੋਹਨ (ਜੋ ਅਜੇ ਬੱਚਾ ਹੀ ਸੀ) ਰੋਣ ਲਗ ਪਿਆ ਕਿ ਉਸਨੂੰ ਸੇਵਾ ਕਿਉਂ ਨਹੀਂ ਕਰਨ ਦਿਤੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਉਸ ਵਕਤ ਉਥੇ ਦਰਸ਼ਨ ਦਿਤੇ ਤੇ ਪੁਛਿਆ - ''ਬੱਚਾ ਕਿਉਂ ਰੋਂਦਾ ਹੈ ? '' ਤਾਂ ਦੱਸਿਆ ਕਿ ਉਸਦੀ ਮਾਤਾ ਨੇ ਟਰੱਕ ਤੋਂ ਉਤਾਰ ਲਿਆ ਹੈ ਕਿ ਕਿਤੇ ਸੱਟ ਹੀ ਨਾ ਲਗ ਜਾਵੇ।

ਤਾਂ ਸਤਿਗੁਰੂ ਜੀ ਨੇ ਖੁਸ਼ ਹੋਕੇ ਬਚਨ ਕੀਤਾ ਕਿ ''ਇਸ ਨੇ ਤਾਂ ਕਾਰਾਂ ਤੇ ਚੜ੍ਹਨਾ ਹੈ, ਏਸ ਪਾਸ ਕਾਰਾਂ ਹੋਣਗੀਆਂ।''

ਸੋ ਸਤਿਗੁਰੂ ਜੀ ਦਾ ਬਚਨ ਬਿਲਕੁਲ ਸੱਚਾ ਸੀ ਤੇ ਸੱਚ ਹੀ ਹੋਇਆ। ਏਸ ਤੋਂ ਗੁਰਬਾਣੀ ਵਿਚ ਲਿਖਿਆ ਹੈ :

ਹਮ ਕਿਆ ਗੁਣ ਤੇਰੇ ਵਿਥਰਹ ਸੁਆਮੀ
ਤੂੰ ਅਪਰ ਅਪਾਰੋ ਰਾਮ ਰਾਜੇ ॥
ਹਮ ਨਾਮ ਸਲਾਹਹ ਦਿਨਸ ਰਾਤ ਏਹਾ ਆਸ ਅਧਾਰੋ ॥
ਹਮ ਮੂਰਖ ਕਛੂਅ ਨ ਜਾਣਹਾ ਕਿਵ ਪਾਵੈ ਪਾਰੋ ॥

ਗੋਰੇ ਸਾਰਜੈਂਟ ਨੂੰ ਜੰਗਲ ਵਿਚ ਦਰਸ਼ਨ ਦਿਤੇ

- ਗਿਆਨੀ ਤੇਜਾ ਸਿੰਘ ਜੀ

ਭਗਤ ਸਿੰਘ ਤੇ ਸੁਖਦੇਵ ਸਿੰਘ ਦੋਵੇਂ ਸੱਕੇ ਭਰਾ ਸਨ। ਭਗਤ ਸਿੰਘ ਉਸ ਵਕਤ ਨਾਮਧਾਰੀ ਸੰਗਤ ਦਾ ਪ੍ਰਧਾਨ ਸੀ। ਇਕ ਦਿਨ ਉਹ ਸੱਚੇ ਪਾਤਸ਼ਾਹ ਜੀ ਦੀ ਗੱਡੀ ਡਰਾਈਵ ਕਰ ਰਿਹਾ ਸੀ। ਸੱਚੇ ਪਾਤਸ਼ਾਹ ਕੰਪਾਲਾ ਜਾ ਰਹੇ ਸਨ। ਅਚਾਨਕ ਭਗਤ ਸਿੰਘ ਨੂੰ ਗੱਡੀ ਰੋਕਣ ਦਾ ਹੁਕਮ ਦਿਤਾ। ਉਤਰੇ ਤੇ ਪੈਦਲ ਜੰਗਲਾਂ ਵੱਲ ਨਿਕਲ ਪਏ, ਅੰਦਰ ਇਕ ਛੋਟਾ ਜਿਹਾ ਥਾਂ ਸਾਫ ਸੁਥਰਾ ਕਰਕੇ ਰਹਿਣ ਲਈ ਬਣਿਆ ਹੋਇਆ ਸੀ। ਇਸ ਥਾਂ ਰਹਿੰਦਾ ਸੀ ਇਕ ਗੋਰਾ ਨਾਮਧਾਰੀ ਬਾਣੇ ਵਿਚ।

ਇਹ ਗੋਰਾ ਅੰਗ੍ਰੇਜ ਫੌਜ ਦਾ ਸਾਰਜੈਂਟ ਸੀ। ਜ਼ਾਲਮ ਅੰਗ੍ਰੇਜ ਜਦੋਂ 1872 ਵਿਚ ਸਤਿਗੁਰੂ ਰਾਮ ਸਿੰਘ ਜੀ ਨੂੰ ਗ੍ਰਿਫਤਾਰ ਕਰਕੇ ਪ੍ਰਯਾਗਰਾਜ ਇਲਾਹਾਬਾਦ ਲੈ ਗਏ, ਉਦੋਂ ਇਹ ਗੋਰਾ ਸਾਰਜੈਂਟ ਡਿਉਟੀ ਤੇ ਤਾਇਨਾਤ ਸੀ। ਉਥੇ ਸਤਿਗੁਰੂ ਰਾਮ ਸਿੰਘ ਜੀ ਕੋਈ ਪੌਣੇ ਦੋ ਕੁ ਮਹੀਨੇ ਰਹੇ।

ਅੰਗ੍ਰੇਜ ਲਾਟ ਲਾਰਡ ਵੇਬਲ ਦਾ ਹੁਕਮ ਨਾਜ਼ਲ ਹੋਇਆ ਕਿ ਉਥੇ ਜਿੰਨੇ ਕੈਦੀ ਹਨ - ਸਭਨਾਂ ਨੂੰ ਫਾਂਸੀ ਲਾਅ ਦਿਓ। ਸਤਿਗੁਰਾਂ ਦੇ ਨਾਲ ਇਕ ਕੈਦੀ ਮੰਗਲ ਸਿੰਘ ਵੀ ਸੀ। ਉਸਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਇਕ ਚੀਨੀ ਘੋੜੀ ਭੇਟ ਕੀਤੀ ਸੀ। ਲਾਰਡ ਵੇਬਲ ਦਾ ਹੁਕਮ ਸੁਣਦਿਆਂ ਹੀ ਮੰਗਲ ਸਿੰਘ ਅੰਦਰੋਂ ਡੋਲ ਗਿਆ। ਪਰਵਾਰ ਤੇ ਬੱਚਿਆਂ ਦੀ ਫਿਕਰ ਵਿਚ ਬਿਹਬਲ ਹੋਣ ਲੱਗਾ। ਮਨ ਵਿਚ ਵਾਰ ਵਾਰ ਵਿਆਕੁਲਤਾ ਆਵੇ ਕਿ ਜੇ ਮੈਂ ਫਾਂਸੀ ਚੜ੍ਹ ਗਿਆ ਤਾਂ ਮੇਰੇ ਜੀਅ-ਜੰਤੂ ਨਾਲ ਕੀ ਬਣੂੰ ? ਜਾਣੀ-ਜਾਣ ਸਤਿਗੁਰੂ, ਮੰਗਲ ਸਿੰਘ ਦੇ ਦਿਲ ਵਿਚ ਚਲ ਰਹੀ ਉਮੜ-ਘੁਮੜ ਫੌਰਨ ਸਮਝ ਗਏ। ਬਚਨ ਕੀਤੇ - "ਮੰਗਲ ਸਿੰਹਾ ਘਬਰਾ ਨਾ, ਸਾਨੂੰ ਫਾਂਸੀ ਦੇਣ ਵਾਲਾ ਆਪ ਹੀ ਨਹੀਂ ਰਹਿਣਾ।"

ਲਾਰਡ ਵੇਬਲ ਅੰਡੇਮਾਨ ਕਾਲੇ ਪਾਣੀ ਸਾਈਟ ਵੇਖਣ ਗਿਆ। ਉਥੋਂ ਦੇ ਹਾਲਾਤ ਪਤਾ ਕਰਨ ਗਿਆ ਕਿ ਉਥੇ ਹੋਰ ਕਿੰਨੇ ਕੈਦੀ ਭੇਜੇ ਜਾ ਸਕਦੇ ਹਨ।

ਉਥੇ ਇਕ ਕੈਦੀ ਸੀ ਸ਼ੇਰ ਮੁਹੰਮਦ। ਉਸਨੂੰ ਬੇਗੁਨਾਹ ਹੀ ਕਾਲੇ ਪਾਣੀ ਦੀ ਸਜਾ ਹੋਈ ਸੀ। ਕਾਲੇ ਪਾਣੀ ਦੀ ਸਜ਼ਾ ਇਕ ਜੀਉਂਦੇ ਜਾਗਦੇ ਮਨੁੱਖ ਨੂੰ ਨਰਕ ਦੀ ਸਜਾ ਮਿਲਣ ਦੇ ਸਮਾਨ ਹੈ। ਉਥੇ ਕੋਹਲੂ ਚਲਾਉਣਾ ਪੈਂਦਾ ਸੀ, ਜਮੀਨ ਵੀ ਦਲਦਲ ਵਾਲੀ ਸੀ। ਸਲ੍ਹਾਬ ਵਿਚ ਕੀੜਾ ਪਤੰਗਾ ਵੀ ਬਹੁਤ ਹੁੰਦਾ ਹੈ। ਚੱਕੀ ਚਲਾਉਣੀ। ਹੋਰ ਇਹੋ ਜਿਹੇ ਸਖਤ ਕੰਮ ਕਰਨੇ ਪੈਂਦੇ ਸਨ। ਇਸ ਸਭ ਕਾਸੇ ਤੋਂ ਤੰਗ ਆਕੇ ਸ਼ੇਰ ਮੁਹੰਮਦ ਸੋਚ ਰਿਹਾ ਸੀ ਕਿ ਐਸੀ ਜ਼ਿੰਦਗੀ ਤੋਂ ਮਰ ਜਾਣਾ ਹੀ ਚੰਗਾ ਹੈ।

ਇਧਰ ਘਟ ਘਟ ਦੇ ਜਾਣਨਹਾਰ ਸਤਿਗੁਰੂ ਨੇ ਉਸ ਸ਼ੇਰ ਮੁਹੰਮਦ ਦੇ ਮਨ ਦੀ ਅਵਸਥਾ ਪੜ੍ਹੀ। ਉਸਨੂੰ ਅੰਦਰੋਂ ਹੀ ਹੱਲਾਸ਼ੇਰੀ ਦੇਕੇ ਜਣਾ ਦਿਤਾ ਕਿ "ਸ਼ੇਰ ਮੁਹੰਮਦ, ਜੇ ਤੂੰ ਮਰਨਾ ਹੀ ਹੈ ਤਾਂ ਇਹ ਕੰਮ ਕਰਕੇ ਮਰ ।" ਮਤਲਬ ਲਾਰਡ ਵੇਬਲ ਦੇ ਖਾਤਮੇ ਤੋਂ ਸੀ।

ਇਕ ਦਿਨ ਇਕ ਛੁਰਾ ਸ਼ੇਰ ਮੁਹੰਮਦ ਦੇ ਹੱਥ ਲਗ ਗਿਆ। ਸ਼ੇਰ ਮੁਹੰਮਦ ਮੌਕੇ ਦੀ ਤਾੜ ਵਿਚ ਰਹਿਣ ਲੱਗਾ। ਇਕ ਦਿਨ ਲਾਰਡ ਵੇਬਲ ਕਿਸੇ ਜਗ੍ਹਾ ਦਾ ਜਾਇਜਾ ਲੈਕੇ ਆਪਣੇ ਜਹਾਜ ਤੋਂ ਉਤਰ ਕੇ ਕਿਸ਼ਤੀ ਵਿਚ ਬੈਠਣ ਹੀ ਲੱਗਾ ਸੀ ਕਿ ਚੱਟਾਨ ਦੇ ਓਹਲੇ ਲੁਕੇ ਬੈਠੇ ਸ਼ੇਰ ਮੁਹੰਮਦ ਨੇ ਚੀਤੇ ਵਾਂਗ ਹਮਲਾ ਕੀਤਾ। ਆਪਣੇ ਛੁਰੇ ਨਾਲ ਲਾਰਡ ਵੇਬਲ ਦੀ ਵੱਖੀ ਵਿਚ ਦੋ ਵਾਰ ਕੀਤੇ, ਉਹ ਜ਼ਖ਼ਮੀ ਅਤੇ ਬੇਹੋਸ਼ ਹੋਕੇ ਡਿੱਗ ਪਿਆ। ਹਸਪਤਾਲ ਜਾਕੇ ਉਸਦੀ ਮੌਤ ਹੋ ਗਈ।

ਸ਼ੇਰ ਮੁਹੰਮਦ ਤੇ ਮੁਕਦਮਾ ਚਲਿਆ। ਭਰੀ ਅਦਾਲਤ ਵਿਚ ਉਸ ਜੱਜ ਨੂੰ ਆਖਿਆ, ਮੇਰੇ ਖੁਦਾ ਨੇ ਮੈਨੂੰ ਇਹੋ ਹੁਕਮ ਕੀਤਾ ਸੀ। ਮੈਂ ਤਾਂ ਇਕ ਦਿਨ ਮਰਨਾ ਹੀ ਹੈ ਤੁਹਾਡੇ ਹੱਥੋਂ ਅਜਾਂਈ ਮਰਨ ਦੀ ਬਜਾਏ ਮੈਂ ਆਪਣੇ ਰੱਬ ਦਾ ਹੁਕਮ ਮੰਨਕੇ ਜ਼ਾਲਮ ਦਾ ਨਾਸ਼ ਕਰਕੇ ਕਿਉਂ ਨਾ ਮਰਾਂ।" ਸ਼ੇਰ ਮੁਹੰਮਦ ਨੂੰ ਫਾਂਸੀ ਦੀ ਸਜਾ ਹੋਈ।

ਸਤਿਗੁਰੂ ਰਾਮ ਸਿੰਘ ਜੀ ਤੋਂ ਇਲਾਵਾ ਇਥੇ ਰਹਿ ਗਏ ਸਨ, ਦਸ ਸੂਬੇ ਸਾਹਿਬਾਨ, ਸੰਤ ਮੰਗਲ ਸਿੰਘ ਤੇ ਭਾਈ ਨਾਨੂੰ ਸਿੰਘ। ਏਧਰੋਂ ਮਹਾਰਾਜਾ ਪਟਿਆਲਾ ਦਾ ਹੁਕਮ ਚਲਿਆ ਗਿਆ ਕਿ ਮੰਗਲ ਸਿੰਘ ਬੇਕਸੂਰ ਹੈ, ਉਸਨੂੰ ਵਾਪਸ ਭੇਜ ਦਿਤਾ ਜਾਵੇ। ਸਤਿਗੁਰਾਂ ਦੇ ਬਚਨ ਪੂਰੇ ਹੋਣੇ ਹੀ ਸਨ, ਸੋ ਪੂਰੇ ਹੋਏ। ਮੰਗਲ ਸਿੰਘ ਨੂੰ ਫਾਂਸੀ ਨਹੀਂ ਹੋਈ ਉਸਨੂੰ ਵਾਪਸ ਭੇਜ ਦਿਤਾ ਗਿਆ।

ਉਥੇ ਜਦੋਂ ਸਤਿਗੁਰੂ ਜੀ ਤੇ ਸੂਬੇ ਸਾਹਿਬਾਨ ਇੱਕਠੇ ਬੈਠਕੇ ਗੁਰੂ ਘਰ ਦੇ ਬਚਨ ਬਿਲਾਸ, ਸਾਖੀਆਂ ਕਰਦੇ ਸਨ ਤਾਂ

ਇਹੀ ਗੋਰਾ ਸਾਰਜੈਂਟ ਡਿਊਟੀ ਤੇ ਸੀ। ਇਹ ਗੋਰਾ ਸਾਰਜੈਂਟ ਹਿੰਦੁਸਤਾਨੀ ਭਾਸ਼ਾ ਜਾਣਦਾ ਸੀ ਉਹ ਵੀ ਡਿਊਟੀ ਦੇ ਦੌਰਾਨ ਸਤਿਗੁਰਾਂ ਦੇ ਪ੍ਰਵਚਨ ਸਰਵਣ ਕਰਦਾ। ਇਸ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਸੁਣੇ ਕਿ "ਗੋਰੀ ਸਰਕਾਰ ਬਹੁਤੀ ਦੇਰ ਨਹੀਂ ਰਹਿਣੀ।' ਸਤਿਗੁਰਾਂ ਦੇ ਬਚਨਾਂ ਨਾਲ ਗੋਰੇ ਸਾਰਜੈਂਟ ਦਾ ਹਿਰਦੈ ਪ੍ਰੀਵਰਤਨ ਹੋ ਗਿਆ। ਸਤਿਗੁਰਾਂ ਦੇ ਬਚਨਾਂ ਤੇ ਭਰੋਸਾ ਕਰਦਿਆਂ ਇਕ ਦਿਨ ਉਸਨੇ ਸਤਿਗੁਰਾਂ ਅੱਗੇ ਅਰਜ਼ ਕੀਤੀ – "ਬਾਬਾ ਜੀ, ਜੋ ਨਾਮ ਆਪ ਜਪਦੇ ਹੋ, ਕੀ ਮੈਂ ਵੀ ਜਪ ਸਕਦਾ ਹਾਂ।" ਗੋਰੇ ਸਾਰਜੈਂਟ ਦੀ ਸ਼ਰਧਾ ਤੇ ਬਿਰਤੀ ਨੂੰ ਵੇਖ ਕੇ ਸਤਿਗੁਰੂ ਜੀ ਨੇ ਉਸ ਨੂੰ ਵੀ ਭਜਨ ਦੇ ਦਿਤਾ।

ਏਧਰ ਸਤਿਗੁਰਾਂ ਨੂੰ ਉਥੋਂ ਅੱਗੇ ਭੇਜਣ ਦਾ ਹੁਕਮ ਆ ਗਿਆ। ਇਹ ਗੋਰਾ ਸਾਰਜੈਂਟ ਸਤਿਗੁਰੂ ਜੀ ਨੂੰ ਕਲਕੱਤੇ ਤਕ ਛੱਡਣ ਗਿਆ। ਕਲਕੱਤੇ ਜਾਕੇ ਉਸ ਬੇਨਤੀ ਕੀਤੀ – "ਬਾਬਾ ਜੀ, ਮੇਰੇ ਲਈ ਕੀ ਆਗਿਆ ਹੈ।" ਸਤਿਗੁਰਾਂ ਆਖਿਆ – "ਤੈਨੂੰ ਭਜਨ ਦੇ ਦਿਤਾ ਹੈ, ਇਕਾਂਤ ਵਿਚ ਬੈਠਕੇ ਆਪਣੇ ਪ੍ਰਵਾਰ ਨਾਲ ਭਜਨ ਕਰ, ਪਾਣੀ ਵੀ ਕਿਸੇ ਨਦੀ, ਝਰਨੇ ਜਾਂ ਨਹਿਰ ਦਾ ਪੀਣਾ।"

ਉਹ ਗੋਰਾ ਸਾਰਜੈਂਟ ਰਿਟਾਇਰ ਹੋਣ ਮਗਰੋਂ ਅਫਰੀਕਾ ਦੇ ਜੰਗਲਾਂ ਵਿਚ ਚਲਿਆ ਗਿਆ। ਗਿਆਨੀ ਤੇਜਾ ਸਿੰਘ ਜੀ ਕਹਿੰਦੇ ਹਨ ਕਿ ਇਹ ਗੱਲ ਇਸ ਕਰਕੇ ਸੁਣਾਈ ਹੈ ਕਿਉਂ ਜੋ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਉਸ ਗੋਰੇ ਸਾਰਜੈਂਟ ਨੂੰ ਮਿਲਣ ਵਾਸਤੇ ਹੀ ਇਹਨਾਂ ਜੰਗਲਾਂ ਵਿਚ ਆਏ ਸਨ।

ਕੁੱਝ ਨੌਜਵਾਨ ਲਕੜਹਾਰੇ ਲੱਕੜਾਂ ਕੱਟਣ ਲਈ ਯੁਗਾਂਡਾਂ ਦੇ ਜੰਗਲਾਂ ਵਿਚ ਜਾਂਦੇ ਸਨ। ਉਹ ਨਾਮਧਾਰੀ ਨਹੀਂ ਸਨ। ਉਨ੍ਹਾਂ ਨੇ ਉਸ ਗੋਰੇ ਨੂੰ ਵੇਖਿਆ ਕਿ ਉਸਨੇ ਇਕ ਛੋਟੇ ਜਿਹੇ ਥਾਂ ਨੂੰ ਸਾਫ ਕਰਕੇ ਰਹਿਣ ਲਈ ਬਣਾਇਆ ਹੋਇਆ ਹੈ। ਨਾਮਧਾਰੀ ਬਾਣੇ ਵਿਚ ਭਗਤੀ ਵਿਚ ਲੀਨ ਇਸ ਗੋਰੇ ਨੂੰ ਵੇਖਿਆ ਤਾਂ ਉਨ੍ਹਾਂ ਦੀ ਜਗਿਆਸਾ ਵੱਧੀ ਤੇ ਉਨ੍ਹਾਂ ਇਕ ਦਿਨ ਪੁੱਛ ਹੀ ਲਿਆ – "ਤੈਨੂੰ ਇਹ ਪਹਿਰਾਵਾ ਕਿਥੋਂ ਮਿਲਿਆ ਹੈ।" ਉਸ ਗੋਰੇ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ ਮੁਲਾਕਾਤ ਤੋਂ ਲੈਕੇ ਭਜਨ ਲੈਣ ਤਕ ਦੀ ਸਾਰੀ ਵਾਰਤਾ ਸੁਣਾਈ। ਜਦੋਂ ਉਹਨਾਂ ਮੁੰਡਿਆਂ ਹੋਰ ਸਵਾਲ ਪੁੱਛਿਆ – "ਕੀ ਤੈਨੂੰ ਉਸ ਤੋਂ ਮਗਰੋਂ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ ਹਨ ?" ਗੋਰੇ ਨੇ ਜਵਾਬ ਦਿਤਾ, "ਪਹਿਲਾਂ ਦੋ ਸਾਲ ਤਾਂ ਦਰਸ਼ਨ ਨਹੀਂ ਹੋਏ, ਪਰ ਫਿਰ ਮੈਂ ਇਕ ਦਿਨ ਬੜੇ ਵੈਰਾਗ ਨਾਲ ਸਤਿਗੁਰਾਂ ਨੂੰ ਯਾਦ ਕਰ ਰਿਹਾ ਸੀ ਤਾਂ ਬਾਬਾ ਜੀ ਨੇ ਮੈਨੂੰ ਮੋਢਿਆਂ ਤੋਂ ਆਕੇ ਫੜ ਲਿਆ ਤੇ ਦੱਸਿਆ "ਹੁਣ ਮੈਂ ਗੋਰਿਆਂ ਦੀ ਕੈਦ ਵਿਚ ਨਹੀਂ। ਅਜੇ ਮੈਂ ਕਈਆਂ ਦੇਸ਼ਾਂ ਪ੍ਰਦੇਸ਼ਾਂ ਤੋਂ ਹੋਕੇ ਆਪਣੇ ਮੁਲਕ ਵਾਪਸ ਜਾਣਾ ਹੈ।" ਹੁਣ ਮੈਂ ਜਦੋਂ ਵੀ ਉਨ੍ਹਾਂ ਦਾ ਧਿਆਨ ਕਰਦਾ ਹਾਂ ਤਾਂ ਉਨ੍ਹਾਂ ਦੇ ਦੀਦਾਰ ਹੋ ਜਾਂਦੇ ਹਨ।

ਉਸ ਗੋਰੇ ਦੀ ਤਪ ਸਾਧਨਾ ਸਦਕਾ ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਜੰਗਲਾਂ ਵਿਚ ਜਾਕੇ ਉਸ ਗੋਰੇ ਨੂੰ ਦਰਸ਼ਨ ਦੇ ਕੇ ਨਿਹਾਲ ਕਰਕੇ ਆਏ ਸਨ। ਮੁੜਕੇ ਉਹਨਾਂ ਇਹ ਸਾਰਾ ਬ੍ਰਿਤਾਂਤ ਆਪਣੇ ਡਰਾਈਵਰ ਭਗਤ ਸਿੰਘ ਨੂੰ ਸੁਣਾਇਆ। ਸੰਤ ਭਗਤ ਸਿੰਘ ਨੇ ਇਹ ਕਥਾ ਮੈਨੂੰ (ਗਿਆਨੀ ਤੇਜਾ ਸਿੰਘ) ਨੂੰ ਦੱਸੀ। ਗਿਆਨੀ ਤੇਜਾ ਸਿੰਘ ਨੇ ਇਹ ਸਾਰੀ ਵਾਰਤਾ ਮੈਨੂੰ ਸੁਣਾਈ ਜੋ ਮੈਂ ਸਾਧ ਸੰਗਤ ਦੀ ਜਾਣਕਾਰੀ ਲਈ ਲਿਖ ਰਿਹਾ ਹਾਂ।

ਦੂਜੀ ਸਾਖੀ :-

ਗਿਆਨੀ ਤੇਜਾ ਸਿੰਘ ਸਪੁੱਤਰ ਸੰਤ ਸ਼ੇਰ ਸਿੰਘ ਜੀ ਪਿੰਡ ਬੜੇ ਪੱਤੜ (ਨੇੜੇ ਕਰਤਾਰ ਪੁਰ) ਜਿਲਾ ਕਪੂਰਥਲਾ ਦੇ ਨਿਵਾਸੀ ਹਨ। ਗਿਆਨੀ ਤੇਜਾ ਸਿੰਘ 38 ਸਾਲ ਨੈਰੋਬੀ ਰਹੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਫਰੀਕਾ ਦੇ ਚਾਰ ਦੌਰਿਆਂ ਬਾਰੇ ਗਿਆਨੀ ਜੀ ਇਉਂ ਦੱਸਦੇ ਹਨ ਕਿ –

"ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1953 ਤੋਂ ਲੈਕੇ 1958 ਵਿਚਕਾਰ ਚਾਰ ਦੌਰੇ ਅਫਰੀਕਾ ਦੇ ਕੀਤੇ। ਪਹਿਲੇ ਦੌਰੇ ਤੇ ਸਤਿਗੁਰੂ ਜੀ ਸਮੁੰਦਰੀ ਜਹਾਜ ਰਾਹੀਂ ਮੁੰਬਾਸੇ ਪਹੁੰਚੇ। ਆਉਂਦਿਆਂ ਹੀ ਐਲਾਨ ਕੀਤਾ ਕਿ "ਅਸੀਂ ਮਾਸ-ਸ਼ਰਾਬ ਖਾਣ ਵਾਲਿਆਂ ਦੇ ਘਰੋਂ ਪ੍ਰਸ਼ਾਦਾ-ਪਾਣੀ ਨਹੀਂ ਛਕਾਂਗੇ।"

ਇਸ ਐਲਾਨ ਦਾ ਸਮੁੱਚੇ ਈਸਟ ਅਫਰੀਕਾ ਵਿਚ ਪਤਾ ਲਗ ਗਿਆ। ਉਦੋਂ ਈਸਟ ਅਫਰੀਕਾ ਵਿਚ ਕੀਨੀਆ, ਯੁਗਾਂਡਾ ਤੇ ਟਾਂਗਾਨੀਕਾ ਤਿੰਨ ਬ੍ਰਿਟਿਸ਼ ਕਾਲੋਨੀਆਂ ਆਉਂਦੀਆਂ ਸਨ। ਉਸ ਵਕਤ ਅਫਰੀਕਾ ਵਿਚ ਆਮ ਹਿੰਦੁਸਤਾਨੀ ਸਨ। ਇਹ ਗੱਲ ਉਹਨਾਂ ਵਿਚ ਆਮ ਸੀ ਕਿ "ਖਾਣ-ਪੀਣ ਵਿਚ ਕੀ ਵੜਿਆ ਹੈ ?"

ਸੱਚੇ ਪਾਤਸ਼ਾਹ ਜੀ ਨੇ ਗੁਰਬਾਣੀ ਅਨੁਸਾਰ ਸਿੱਖੀ ਦੀ ਪਹਿਲੀ ਸਟੇਜ ਬਾਰੇ ਗਿਆਨ ਕਰਵਾਇਆ ਕਿ –

ਜਹਾਂ ਤਹਾਂ ਕਾ ਛਕੈ ਪ੍ਰਸਾਦਿ
ਸਿਖ ਨਹੀਂ ਮੇਰਾ ਆਦਿ ਜੁਗਾਦਿ ॥ ਅਰਥਾਤ
ਜਾਕੀ ਰਹਿਤ ਨਾ ਜਾਣੀਐ
ਗੁਰ ਮੰਤ੍ਰ ਨਹੀ ਚੀਤਿ
ਉਨ ਕਾ ਭੋਜਨ ਖਾਇਕੈ
ਵਿਸਰੈ ਹਰਿ ਸਿਉ ਪ੍ਰੀਤਿ ॥

ਉਥੇ ਇਕ ਪੰਜਾਬੀ ਸਭਾ ਸੀ। ਦਸ ਬਾਰਾਂ ਕਵੀ ਸਨ। ਉਹਨਾਂ ਦਾ ਕਹਿਣਾ ਸੀ ਕਿ ''ਅਸਾਂ ਬਾਰਾਂ ਪਾਤਸ਼ਾਹੀਆਂ ਦਾ ਅਰਦਾਸਾ ਨਹੀਂ ਹੋਣ ਦੇਣਾ। ਉਹਨਾਂ ਦਾ ਕਹਿਣਾ ਸੀ ਕਿ ਦਸ ਪਾਤਸ਼ਾਹੀਆਂ ਤੋਂ ਬਾਅਦ ਕੋਈ ਗੁਰੂ ਨਹੀਂ ਹੋਇਆ।''

ਫਿਰ ਨੈਰੋਬੀ ਵਿਚ ਰਾਮਗੜ੍ਹੀਆ ਹਾਲ ਦੇ ਸਾਹਮਣੇ ਦੀਵਾਨ ਲੱਗਿਆ। ਸਿੰਘ ਇਕੱਠੇ ਹੋਕੇ ਆ ਗਏ। ਇਕ ਭੂਤਰਿਆ ਹੋਇਆ ਸਿੱਖ ਜਿਸਦਾ ਨਾਮ ਗੁਰਦਿਆਲ ਸਿੰਘ ਸੀ, ਉਹ ਆਪਣੇ ਨਾਲ ਇਕ ਸਾਥੀ ਨੂੰ ਲੈਕੇ ਤੇ ਹੱਥ ਵਿਚ ਪਿਸਤੌਲ ਲੈਕੇ ਆ ਗਿਆ। ਏਧਰ ਸਤਿਗੁਰਾਂ ਦੇ ਸੇਵਕਾਂ ਨੂੰ ਵੀ ਪਤਾ ਲੱਗਿਆ। ਉਹਨਾਂ ਵਿਚੋਂ ਨੂਰਮਹਿਲ ਦਾ ਕਰਤਾਰ ਸਿੰਘ ਫੋਟੋ ਗ੍ਰਾਫਰ ਵੀ ਜੁਆਬ ਵਿਚ ਆਪਣੀ ਪਿਸਤੌਲ ਲੈ ਹਾਜ਼ਰ ਹੋਇਆ। ਜਦੋਂ ਅਰਦਾਸ ਹੋਣ ਲੱਗੀ ਤਾਂ ਸੱਚੇ ਪਾਤਸ਼ਾਹ ਜੀ ਨੇ ਖੜ੍ਹੇ ਹੋਕੇ ਬੜੀ ਨਿਧੜਤਾ ਨਾਲ ਹੁਕਮ ਦਿੰਦਿਆਂ ਐਲਾਨ ਕੀਤਾ -

''ਬਾਰਾਂ ਪਾਤਸ਼ਾਹੀਆਂ ਦਾ ਅਰਦਾਸਾ ਹੋਣ ਲੱਗਾ ਹੈ, ਜੇ ਕਿਸੇ ਦੇ ਮਨ ਵਿਚ ਕੋਈ ਸ਼ੰਕਾ ਹੋਵੇ ਤਾਂ ਉਹ ਅੰਦਰ ਆ ਜਾਵੇ।''

ਉਹ ਸਖ਼ਸ਼ ਬੜੇ ਚਲਾਕ ਚੁਸਤ ਸਨ। ਉਹ ਇਕੱਠੇ ਹੋਕੇ ਅੰਦਰ ਗਏ ਪਰ ਸਤਿਗੁਰਾਂ ਨੇ ਆਪਣੀ ਖੇਡ ਵਰਤਾ ਦਿਤੀ। ਉਹ ਸਿੰਘ ਸਤਿਗੁਰਾਂ ਦੇ ਦਰਸ਼ਨ ਕਰਕੇ ਆਲੇ ਦੁਆਲੇ ਸਤਿਗੁਰਾਂ ਦੀ ਪਰਿਕ੍ਰਮਾ ਕਰਨ ਲਗ ਪਏ ਤੇ ਫੇਰ ਉਹਨਾਂ ਸਿੰਘਾਂ ਨੇ ਮਸਤਾਨੀ ਬਿਰਤੀ 'ਚ ਆਪਣੀਆਂ ਪੱਗਾਂ ਉਤਾਰ ਕੇ ਖੁਲ੍ਹੇ ਕੇਸਾਂ 'ਚ ਮਿੱਟੀ ਚੁੱਕ ਚੁੱਕ ਕੇ ਸਿਰ 'ਤੇ ਪਾਉਣੀ ਸ਼ੁਰੂ ਕਰ ਦਿਤੀ। ਮਸਤਾਨੇ ਹੋ ਹੋ ਲੱਗੇ ਡਿੱਗਣ। ਗਰੀਬ ਨਿਵਾਜ ਜੀ ਖੜ੍ਹੇ ਮਾਲਾ ਫੇਰਦੇ ਰਹੇ । ਮਸਤਾਨੇ ਹੋਏ ਹੋਏ ਖੁਲ੍ਹੇ ਸਿੱਖ ਤੇ ਸਿੱਖ ਕਵੀ ਗਾ ਰਹੇ ਸਨ -

''ਤੂੰ ਹੀ ਗੁਰੂ ਨਾਨਕ, ਤੂੰ ਹੀ ਗੁਰੂ ਗੋਬਿੰਦ,
ਤੂੰ ਹੀ ਹੈ ਮੌਕੇ ਦਾ ਮਾਲਿਕ, ਸਾਨੂੰ ਬਖ਼ਸ਼ ਦੇ।''

ਜਿਹੜੇ ਕਵੀ ਬਾਹਰ ਬੈਠੇ ਸਤਿਗੁਰਾਂ ਦੇ ਖਿਲਾਫ ਕਵਿਤਾਵਾਂ ਪੜ੍ਹਨਾ ਚਾਹੁੰਦੇ ਸਨ, ਉਹਨਾਂ ਵਿਚ ਸਭ ਤੋਂ ਵੱਡਾ ਕਵੀ ਸੁਖਦੇਵ ਸਿੰਘ ਪਨੇਸਰ ਸੀ। ਉਸ ਨੇ ਉਸੇ ਵਕਤ ਹੀ ਵਿਰੋਧ ਛੱਡਕੇ ਪਾਤਸ਼ਾਹ ਜੀ ਦੀ ਤਾਰੀਫ ਵਿਚ ਕਵਿਤਾ ਪੜ੍ਹੀ। ਪਾਸਾ ਪੁੱਠਾ ਪੈ ਗਿਆ। ਜਿਹੜਾ ਪਿਸਤੌਲ ਲੈਕੇ ਆਇਆ ਸੀ, ਉਹ ਕਾਫੀ ਦੇਰ ਪਹਿਲਾਂ ਨੈਰੋਬੀ ਵਿਖੇ ਰਿਹਾ ਤੇ ਫੇਰ ਯੂ.ਕੇ. ਆ ਗਿਆ ਸੀ। ਸੱਚੇ ਪਾਤਸ਼ਾਹ ਜੀ ਕੋਲ ਵਾਰ ਵਾਰ ਅਰਜਾਂ ਕਰਕੇ ਆਪਣੀਆਂ ਭੁੱਲਾਂ ਬਖ਼ਸ਼ਾਉਂਦਾ ਰਿਹਾ।

ਧੰਨ ਹਨ ਸਤਿਗੁਰੂ ਪ੍ਰਤਾਪ ਸਿੰਘ ਜੀ !

ਜਾ ਕੋ ਰਾਖੇ ਸਾਈਆਂ

ਬੀਬੀ ਨਰਿੰਦਰ ਕੌਰ ਜੀ ਧਰਮ ਪਤਨੀ ਸੰਤ ਜਸਵੰਤ ਸਿੰਘ ਜੀ (ਨੈਰੋਬੀ)

ਸੰਤ ਜਸਵੰਤ ਸਿੰਘ ਨੈਰੋਬੀ ਵਾਲੇ ਇਕ ਖੁਲ੍ਹੇ ਸਿੱਖ ਸਨ, ਖਾਂਦੇ ਪੀਂਦੇ ਸਨ ਅਤੇ ਬੀਬੀ ਨਰਿੰਦਰ ਕੌਰ ਇਹਨਾਂ ਦੀ ਧਰਮ ਪਤਨੀ ਮਰਿਆਦਾ ਰੱਖਣ ਵਾਲੇ ਇਕ ਨਾਮਧਾਰੀ ਪ੍ਰਵਾਰ ਦੀ ਜੰਮਪਲ ਹੈ। ਵਿਆਹ ਤੋਂ ਬਾਅਦ ਸਹੁਰੇ ਘਰ ਵਿਚ ਉਹ ਪਰੇਸ਼ਾਨ ਵੀ ਸੀ ਤੇ ਦੁੱਖੀ ਵੀ। ਉਹ ਸਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕਰਦੀ - ''ਹੇ ਸਤਿਗੁਰੂ ਜੀ, ਕਿਸੇ ਤਰ੍ਹਾਂ ਮੇਰੇ ਪਤੀ ਦਾ ਅਭੱਖ ਖਾਣਾ-ਪੀਣਾ ਛੁਡਵਾ ਦਿਓ।'' ਜਸਵੰਤ ਸਿੰਘ ਜੀ ਬੜੇ ਜਿੱਦੀ ਸੁਭਾਅ ਦੇ ਸਨ ਤੇ ਬੜੇ ਗੁੱਸੇ ਵਾਲੇ ਸਨ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਬੀਬੀ ਨਰਿੰਦਰ ਕੌਰ ਦੀ ਫਰਿਆਦ ਸੁਣ ਲਈ। ਉਹਨਾਂ ਨੇ ਅਫਰੀਕਾ ਦਾ ਦੌਰਾ ਕੀਤਾ। ਇਕ ਦਿਨ ਆਪਣੇ ਨਾਲ ਆਏ ਸਿੱਖਾਂ ਵਿਚੋਂ ਕਿਸੇ ਨੂੰ ਹੁਕਮ ਦਿਤਾ ਕਿ ''ਜਸਵੰਤ ਸਿੰਘ ਨੂੰ ਕੰਨ ਪਕੜ ਕੇ ਭਜਨ ਦੇ ਦਿਓ।'' ਬੱਸ ਏਸੇ ਤਰ੍ਹਾਂ ਹੀ ਕੀਤਾ ਗਿਆ। ਇੰਜ ਅਟਲ ਪ੍ਰਤਾਪੀ ਸਤਿਗੁਰੂ ਜੀ ਨੇ ਜਸਵੰਤ ਸਿੰਘ ਦੀ ਕਾਇਆ ਹੀ ਪਲਟ ਕੇ ਰੱਖ ਦਿਤੀ ਤੇ ਉਸ ਨੇ ਸ਼ਰਾਬ ਦੀਆਂ ਬੋਤਲਾਂ ਸੁੱਟ ਦਿਤੀਆਂ। ਮਾਸ ਖਾਣਾ ਵੀ ਤਿਆਗ ਦਿਤਾ ਤੇ ਸਤਿਗੁਰੂ ਜੀ ਦੇ ਅਨਿਨ ਭਗਤ ਬਣ ਗਏ।

ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹ ਦਾ ਓਹਲਾ ਕਰਨ ਦਾ ਪਤਾ ਲੱਗਿਆ ਤਾਂ ਏਨੇ ਵੈਰਾਗੀ ਹੋਏ ਕਿ ਬੁਰਾ ਹਾਲ ਹੋ ਗਿਆ। ਮਾਲਾ ਸੁੱਟ ਦਿਤੀ। ਕਹਿਣ ਲੱਗੇ ਕਿ ''ਜਦ ਮਾਲਾ ਵਾਲਾ ਹੀ ਨਹੀਂ ਰਿਹਾ ਤਾਂ ਮਾਲਾ ਦਾ ਕੀ ਫਾਇਦਾ ?''

ਫਿਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਤਿੰਨ ਚਾਰ ਸਾਲ ਬਾਅਦ ਅਫਰੀਕਾ ਦਰਸ਼ਨ ਦਿਤੇ। ਜਦੋਂ ਸੰਤ ਜਸਵੰਤ ਸਿੰਘ ਨੇ ਪਾਤਸ਼ਾਹ ਜੀ ਦੇ ਦਰਸ਼ਨ ਕੀਤੇ ਤਾਂ ਲੱਗਾ ਕਿ ਇਹ ਉਹੋ ਹੀ ਰੂਪ, ਉਹੋ ਹੀ ਜੋਤ ਹੈ ਤਾਂ ਆਪਣੇ ਪਹਿਲੇ ਨੇਮ ਵਿਚ ਆ ਗਏ। ਉਹਨਾਂ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਿਚ ਕੋਈ ਭੇਦ ਨਾ ਲਗਿਆ। ''ਏਕ ਜੋਤ ਦੋਇ ਮੂਰਤੀ'' ਵਾਲੀ ਗੱਲ ਹੋਈ।

ਇਹ ਵਾਰਤਾ ਬੀਬੀ ਨਰਿੰਦਰ ਕੌਰ ਨੇ 17 ਅਕਤੂਬਰ 2001 ਨੂੰ ਅੱਸੂ ਦੇ ਮੇਲੇ ਦੇ ਭੋਗ ਸਮੇਂ ਮੈਨੂੰ ਸੁਣਾਈ ।

ਸਾਰਿਆਂ ਤੋਂ ਪਹਿਲਾਂ ਬੀਬੀ ਨਰਿੰਦਰ ਕੌਰ ਬਾਰੇ ਮੈਂ ਕੁੱਝ ਜਰੂਰੀ ਜਾਣਕਾਰੀ ਦੇ ਦੇਵਾਂ। ਇਹ ਸਤਿਗੁਰੂ ਜੀ ਦੀ ਬੜੀ ਭਗਤ ਹੈ। ਇਸ ਬੀਬੀ ਨੂੰ ਸਾਰਾ ਸੰਸਾਰ ਹੀ ਸਤਿਗੁਰੂ ਜੀ ਦੇ ਅੱਗੇ ਘੁੰਮਦਾ ਨਜ਼ਰ ਆ ਰਿਹਾ ਹੈ। ਇਹ ਆਪਣੇ ਛੋਟੇ ਜਿਹੇ ਬੱਚਿਆਂ ਅਤੇ ਪਤੀ ਨੂੰ ਅਫਰੀਕਾ ਵਿਚ ਹੀ ਛੱਡਕੇ ਸੱਚੇ ਪਾਤਸ਼ਾਹ ਜੀ ਦੀ ਸੇਵਾ ਵਿਚ ਸ੍ਰੀ ਭੈਣੀ ਸਾਹਿਬ ਆ ਗਈ। ਸੱਚੇ ਪਾਤਸ਼ਾਹ ਜੀ ਦੀ ਸਪੁੱਤਰੀ ਦੇ ਨਾਲ ਏਨਾ ਪਿਆਰ ਹੋ ਗਿਆ ਕਿ.ਨਾ ਤਾਂ ਪੂਜਯ ਬੀਬਾ ਜੀ ਇਹਨਾਂ ਨੂੰ ਛੱਡਣ ਤੇ ਨਾ ਹੀ ਇਹ ਉਹਨਾਂ ਨੂੰ ਛੱਡੇ। ਬੀਬਾ ਜੀ ਦੀ ਦੇਖ-ਰੇਖ, ਬੀਬਾ ਜੀ ਦੀ ਸੰਗੀਤ ਵਿਦਿਆ ਅਤੇ ਬਾਕੀ ਗਿਆਨ (ਸਭ ਕਾਸੇ ਦਾ) ਜਿੰਮਾ ਉਦੋਂ ਤਕ ਲਈ ਰੱਖਿਆ ਜਦੋਂ ਤਕ ਬੀਬਾ ਜੀ ਦਾ ਆਨੰਦ ਕਾਰਜ ਨਾ ਹੋ ਗਿਆ। ਉਸ ਤੋਂ ਬਾਅਦ ਬੀਬੀ ਨਰਿੰਦਰ ਕੌਰ ਸ੍ਰੀ ਭੈਣੀ ਸਾਹਿਬ ਵਿਖੇ ਹੀ ਰਹਿਕੇ ਅੱਜ ਤਕ ਛੋਟੇ ਛੋਟੇ ਬੱਚਿਆਂ ਨੂੰ ਸੰਗੀਤ ਵਿਦਿਆ ਸਿਖਾਉਂਦੇ ਆ ਰਹੇ ਹਨ।

ਇਕ ਵਾਰ ਬੀਬੀ ਨਰਿੰਦਰ ਕੌਰ ਆਪਣੇ ਪਤੀ ਅਤੇ ਆਪਣੇ ਭਰਾ ਸੁਰਜੀਤ ਸਿੰਘ ਅਤੇ ਛੋਟੇ ਪੁੱਤਰ ਅੰਮ੍ਰਿਤ ਪਾਲ ਸਿੰਘ (ਜੋ ਕਿ ਉਸ ਸਮੇਂ ਢਾਈ ਕੁ ਸਾਲ ਦਾ ਸੀ) ਲੈਕੇ ਮੁੰਬਾਸਾ ਦੀ ਤਰਫ ਜੋ ਕਿ ਨੈਰੋਬੀ ਤੋਂ ਤਿੰਨ ਸੌ ਕਿਲੋਮੀਟਰ ਦੂਰ ਸੀ, ਛੁੱਟੀਆਂ ਮਨਾਉਣ ਗਏ। ਵਾਪਸ ਆਉਂਦਿਆਂ ਇਕ ਵਨ-ਵੇ ਪੁਲ ਤੇ ਇਹਨਾਂ ਦੀ ਗੱਡੀ ਦੇ ਨਾਲ ਇਕ ਗੋਰੇ ਦੀ ਗੱਡੀ ਟਕਰਾ ਗਈ। ਗੱਡੀ ਨੇ ਪਹਿਲਾਂ ਸੜਕ ਤੇ ਹੀ ਦੋ ਚਾਰ ਚੱਕਰ ਕੱਟੇ। ਚੱਕਰ ਕੱਟਦਿਆਂ ਕੱਟਦਿਆਂ ਗੱਡੀ ਪੁਲ ਦੇ ਹੇਠਾਂ ਇਕ ਸੁੱਕੀ ਨਦੀ ਵਿਚ ਡਿੱਗ ਪਈ। ਰੇਤ ਵਿਚ ਤੇ ਪੱਥਰਾਂ ਵਿਚ ਡਿੱਗ ਗਈ। ਗੱਡੀ ਪੂਰੀ ਤਰ੍ਹਾਂ ਤਹਿਸ ਨਹਿਸ ਹੋ ਗਈ। ਗੋਰਿਆਂ ਨੇ ਉਪਰੋਂ ਹੀ ਚਿੱਲਾਣਾ ਸ਼ੁਰੂ ਕੀਤਾ - Save Save ਮਤਲਬ ਬਚਾਓ ਬਚਾਓ। ਪਰ ਉਹਨਾਂ ਦੀ ਗੱਡੀ ਏਨੀ ਹੇਠਾਂ ਡਿੱਗੀ ਸੀ ਕਿ ਉਥੇ ਜਾਣ ਦਾ ਰਸਤਾ ਕੋਈ ਨਹੀਂ ਸੀ। ਜਦੋਂ ਗੱਡੀ ਪੁਲ ਦੇ ਉਪਰ ਹੀ ਘੁੰਮੀ ਤਾਂ ਸਾਡੇ ਤਿੰਨਾਂ ਦੇ ਮੂੰਹੋਂ ਨਿਕਲਿਆ - ''ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ।''

ਏਨੇ ਨੂੰ ਸੰਤ ਜਸਵੰਤ ਸਿੰਘ ਜੀ ਕਿਸੇ ਤਰ੍ਹਾਂ ਬਾਹਰ ਨਿਕਲੇ ਤੇ ਥੋੜ੍ਹੀ ਦੇਰ ਬਾਅਦ ਸੰਤ ਜੀ ਦਾ ਸਾਲਾ ਤੇ ਫਿਰ ਉਹਨਾਂ ਨੇ ਕਿਸੇ ਤਰ੍ਹਾਂ ਬੀਬੀ ਨਰਿੰਦਰ ਕੌਰ ਨੂੰ ਬਾਹਰ ਕੱਢਿਆ। ਪਿੱਛੇ ਮੁੜਕੇ ਵੇਖਿਆ ਤਾਂ ਉਹਨਾਂ ਦਾ ਤਾਂ ਸਾਹ ਹੀ ਰੁੱਕ ਗਿਆ। ਕਾਕੇ ਦੀ ਤਾਂ ਆਵਾਜ਼ ਹੀ ਨਹੀਂ ਸੀ ਆ

ਰਹੀ । ਕਾਕਾ ਕਿਤੇ ਨਜ਼ਰ ਨਹੀਂ ਸੀ ਆ ਰਿਹਾ। ਹੋਇਆ ਇਸ ਤਰ੍ਹਾਂ ਕਿ ਕਾਕਾ ਸੌਣ ਲਈ ਕਾਹਲਾ ਪੈ ਗਿਆ ਸੀ। ਬੀਬੀ ਨਰਿੰਦਰ, ਉਹਨਾਂ ਦਾ ਭਰਾ ਤੇ ਸੰਤ ਜਸਵੰਤ ਸਿੰਘ ਤਿੰਨੇ ਹੀ ਅਗਲੀ ਸੀਟ ਤੇ ਬੈਠ ਗਏ ਤੇ ਪਿਛਲੀ ਸੀਟ ਵਿਹਲੀ ਕਰਕੇ ਕਾਕੇ ਨੂੰ ਦੁੱਧ ਦੀ ਬੋਤਲ ਦੇਕੇ ਪਿਛਲੀ ਸੀਟ ਤੇ ਲਿਟਾ ਦਿਤਾ ਸੀ । ਢੋਅ ਵਾਲੀ ਸੀਟ ਦਾ ਉਪਰਲਾ ਹਿੱਸਾ ਕਾਕੇ ਦੇ ਉਪਰ ਆ ਗਿਆ। ਜਦੋਂ ਸੀਟ ਦਾ ਉਪਰਲਾ ਹਿੱਸਾ ਚੁੱਕਿਆ ਤਾਂ ਕਾਕਾ ਦੁੱਧ ਪੀ ਰਿਹਾ ਸੀ ਤੇ ਆਰਾਮ ਦੀ ਨੀਂਦ ਸੌਂ ਰਿਹਾ ਸੀ। ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਇਹੋ ਜਿਹੀ ਕ੍ਰਿਪਾ ਕਿ ਚਾਰੇ ਹੀ ਸੁਰੱਖਿਅਤ ਸਨ ਤੇ ਵਾਲ-ਵਾਲ ਬਚ ਗਏ ਸਨ।

ਘਰ ਆਕੇ ਜਦੋਂ ਕਾਕੇ ਅੰਮ੍ਰਿਤਪਾਲ ਸਿੰਘ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਵੇਖੀ ਤਾਂ ਉਹ ਅਚਾਨਕ ਬੋਲ ਪਿਆ ਕਿ "ਇਹੋ ਪਾਤਸ਼ਾਹ ਜੀ ਹੀ ਤਾਂ ਸਨ ਜਿਹੜੇ ਮੈਨੂੰ ਉਥੇ ਦਰਸ਼ਨ ਦੇ ਰਹੇ ਸਨ।"

ਇਸ ਤਰ੍ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਤੱਖ ਰੂਪ ਵਿਚ ਕਾਕਾ ਅੰਮ੍ਰਿਤਪਾਲ ਸਿੰਘ, ਬੀਬੀ ਨਰਿੰਦਰ ਕੌਰ, ਉਹਨਾਂ ਦੇ ਭਰਾ ਸੁਰਜੀਤ ਸਿੰਘ ਤੇ ਪਤੀ ਜਸਵੰਤ ਸਿੰਘ ਨੂੰ ਵਾਲ-ਵਾਲ ਬਚਾਕੇ ਉਹਨਾਂ ਦੀ ਰੱਖਿਆ ਕੀਤੀ। ਕੁੱਝ ਸਮੇਂ ਪਿੱਛੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਫਰੀਕਾ ਆਏ ਤੇ ਸੰਤ ਜਸਵੰਤ ਸਿੰਘ ਨੇ ਸਾਰੀ ਵਾਰਤਾ ਦੱਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਸਾਖੀ ਸਾਧ ਸੰਗਤ ਨੂੰ ਸੁਣਾਈ ਕਿ ਕਿਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਨੇ ਬੱਚੇ ਦੀ ਰੱਖਿਆ ਕੀਤੀ।

ਦੂਜੀ ਸਾਖੀ :-

ਬੀਬੀ ਨਰਿੰਦਰ ਕੌਰ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਬਹੁਤ ਪਹਿਲਾਂ ਹੀ ਕੀਤੇ ਹੋਏ ਸਨ। ਜਦੋਂ ਕਿ ਉਹ ਅਜੇ ਬਾਬਾ ਜੀ ਦੇ ਰੂਪ ਵਿਚ ਹੀ ਸਨ। ਬਾਬਾ ਜੀ ਲੇ ਕੁੱਝ ਮਾਈਆਂ ਨੂੰ ਇਕੱਠਾ ਕੀਤਾ ਤੇ ਪੰਜ ਮਾਈਆਂ ਦਾ ਇਕ ਜੱਥਾ ਬਣਾਇਆ। ਬੀਬੀ ਨਰਿੰਦਰ ਕੌਰ ਇਸ ਜੱਥੇ ਦੀ ਸਕੱਤਰ ਸੀ। ਇਹਨਾਂ ਨੇ ਪੈਸੇ ਇਕੱਠੇ ਕੀਤੇ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਇਕ ਚਿੱਠੀ ਰਾਹੀਂ ਅਰਜ ਲਿਖ ਭੇਜੀ ਕਿ ਉਹ ਕ੍ਰਿਪਾ ਕਰਨ ਤੇ ਨੈਰੋਬੀ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤਿੰਨ ਸਰੀਰਾਂ ਸਮੇਤ ਹਵਾਈ ਜਹਾਜ ਰਾਹੀਂ ਆਏ ਤੇ ਬਾਕੀ ਦੇ ਵੀਹ-ਪੰਜੀ ਸਰੀਰ ਸਮੁੰਦਰੀ ਜਹਾਜ ਰਾਹੀਂ ਨੈਰੋਬੀ ਪਹੁੰਚੇ। ਅਫਰੀਕਾ ਦਾ ਇਕ ਮਹੀਨੇ ਦਾ ਦੌਰਾ ਸੀ। ਬੀਬੀ ਦੇ ਮਨ ਵਿਚ ਆਇਆ ਕਿ ਕਿਤੇ ਨਵੀਂ ਗੱਡੀ ਲਈ ਜਾਵੇ ਅਤੇ ਸੱਚੇ ਪਾਤਸ਼ਾਹ ਜੀ ਉਹਦੇ ਤੇ ਸਵਾਰੀ ਕਰਕੇ ਅਫਰੀਕਾ ਦਾ ਦੌਰਾ ਪੂਰਾ ਕਰਨ।

ਬੀਬੀ ਜੀ ਦੇ ਪਿਤਾ ਜੀ ਨੇ ਉਸਦੇ ਭਰਾ ਕੋਲ ਉਹਦੇ ਮਨ ਦੀ ਖਾਹਸ਼ ਉਜਾਗਰ ਕਰ ਦਿਤੀ। ਬੀਬੀ ਜੀ ਦਾ ਭਰਾ ਉਹਨਾਂ ਨੂੰ ਇਕ ਕਾਰਾਂ ਦੇ ਸ਼ੋਅ ਰੂਮ ਵਿਚ ਲੈ ਗਿਆ ਉਥੇ ਇਕ ਬੜੀ ਸੁਹਣੀ ਗੱਡੀ ਸੀ ਅਮਰੀਕਨ। ਮਾਲਿਕ ਨੇ ਜਬਰਦਸਤੀ ਇਹਨਾਂ ਨੂੰ ਗੱਡੀ ਵਿਚ ਬਿਠਾਕੇ ਬੜੀ ਦੂਰ ਤਕ ਘੁੰਮਾਇਆ। ਹੁਣ ਗੱਲ ਅਟਕੀ ਏਥੇ ਆਕੇ ਕਿ ਕੋਲ ਏਨੀ ਮਾਇਆ ਨਹੀਂ ਸੀ। ਸਤਿਗੁਰੂ ਜੀ ਨੇ ਇਹਨਾਂ ਦੀ ਇਹ ਵੀ ਖਾਹਿਸ਼ ਪੂਰੀ ਕਰਨੀ ਹੀ ਸੀ।

ਬੀਬੀ ਨਰਿੰਦਰ ਕੌਰ ਦੇ ਭਰਾ ਸੁਰਜੀਤ ਸਿੰਘ ਨੇ ਮਾਲਕ ਨੂੰ ਆਖਿਆ ਕਿ ਉਹ ਉਹਨਾਂ ਦੀ ਇਕ ਪੁਰਾਣੀ ਗੱਡੀ ਰੱਖ ਲਵੇ ਤੇ ਬਾਕੀ ਦੇ ਪੈਸਿਆਂ ਦੀਆਂ ਕਿਸ਼ਤਾਂ ਕਰ ਦੇਵੇ। ਮਾਲਿਕ ਮੰਨ ਗਿਆ। ਕ੍ਰਿਪਾ ਹੋ ਗਈ। ਨਵੀਂ ਗੱਡੀ ਮਿਲ ਗਈ। ਅਫਰੀਕਾ ਦੀ ਸਰਕਾਰ ਕੋਲੋਂ ਇਜ਼ਾਜਤ ਲੈਕੇ ਗੱਡੀ ਤੇ ਸਫੇਦ ਝੰਡੀ ਲਗਾ ਦਿਤੀ ਗਈ ਤੇ ਗੱਡੀ ਲੈਕੇ ਏਅਰ ਪੋਰਟ ਤੋਂ ਗਰੀਬ ਨਿਵਾਜ ਜੀ ਨੂੰ ਲੈਣ ਗਏ। ਗੱਡੀ ਪਿਛਲੇ ਪਾਸੇ ਖੜ੍ਹੀ ਕਰ ਦਿਤੀ। ਸੱਚੇ ਪਾਤਸ਼ਾਹ ਜੀ ਜਾਣੀ-ਜਾਣ ਅੰਤਰਯਾਮੀ ਸਤਿਗੁਰੂ ਜੀ ਬਾਰਸ਼ ਅਤੇ ਹਨ੍ਹੇਰੀ ਦੀ ਵਜ੍ਹਾ ਕਰਕੇ ਛੋਟੇ ਰਸਤੇ ਵਿਚੋਂ ਬਾਹਰ ਨਿਕਲ ਆਏ ਤੇ ਉਸ ਗੱਡੀ ਵਿਚ ਹੀ ਬੈਠ ਗਏ। ਬਸ ਫਿਰ ਸੰਤ ਜਸਵੰਤ ਸਿੰਘ ਤੇ ਸੰਤ ਸੁਰਜੀਤ ਸਿੰਘ ਗੱਡੀ ਚਲਾਉਂਦੇ ਰਹੇ ਤੇ ਪੂਰਾ ਮਹੀਨਾ ਗਰੀਬ ਨਿਵਾਜ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਫਰੀਕਾ ਦਾ ਦੌਰਾ ਇਸ ਗੱਡੀ ਤੇ ਹੀ ਪੂਰਾ ਕੀਤਾ। ਬੀਬੀ ਨੇ ਸੋਧ ਰੱਖ ਲਈ। ਪ੍ਰਸ਼ਾਦਾ ਵੀ ਸੱਚੇ ਪਾਤਸ਼ਾਹ ਜੀ ਦਾ ਇਹੀ ਤਿਆਰ ਕਰਦੀ ਰਹੀ। ਇਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ : "ਮੈਂ ਤਾਂ ਪਨੀਰੀ ਲਗਾ ਚਲਿਆਂ, ਆਪੇ ਇਕ ਦਿਨ ਰੰਗ ਲਿਆਏਗੀ।"

ਤਿੰਨ ਚਾਰ ਸਾਲ ਬਾਅਦ ਬੀਬੀ ਨਰਿੰਦਰ ਕੌਰ ਜਦੋਂ ਸ੍ਰੀ ਭੈਣੀ ਸਾਹਿਬ ਆਏ। ਉਸ ਸਮੇਂ ਪੂਜਯ ਸ੍ਰੀ ਬੀਬਾ ਜੀ ਤਿੰਨ ਸਾਲ ਦੇ ਸਨ। ਇਹ ਸਤਿਗੁਰੂ ਜੀ ਦੀ ਸੰਸਾਰਕ ਤੌਰ ਤੇ ਇਕਲੋਤੀ ਔਲਾਦ ਸੀ - ਜੋ ਕਿ ਸੱਚੇ ਪਾਤਸ਼ਾਹ ਜੀ ਦੇ ਆਨੰਦ ਤੋਂ ਬਾਈ ਸਾਲ ਬਾਅਦ ਹੋਈ ਸੀ। ਅਫਰੀਕਾ ਵਿਚ ਖਬਰ ਆਈ ਕਿ ਬੀਬਾ ਜੀ ਪ੍ਰਗਟ ਹੋਏ ਹਨ ਤਾਂ ਸਭ ਨੂੰ ਬੜੀ ਖੁਸ਼ੀ ਹੋਈ। ਕਿਉਂਕਿ ਸਤਿਗੁਰੂ ਰਾਮ ਸਿੰਘ ਜੀ ਤੋਂ ਬਾਅਦ ਕਿਸੇ ਗੁਰੂ ਦੇ ਘਰ ਕੰਨਿਆ ਨਹੀਂ ਸੀ। ਗੁਰੂ ਘਰ ਵਿਚ ਕੰਨਿਆ ਦੇ ਆਉਣ ਨਾਲ ਸਭ ਲੜਕੀਆਂ ਦਾ ਭਵਿੱਖ ਬਹੁਤ ਸੁਹਣਾ ਬਣਨ ਵਾਲਾ ਸੀ। ਲੜਕੀਆਂ ਨੂੰ ਵੀ ਲੜਕਿਆਂ ਦੇ

ਸਮਾਨ ਰਾਗ-ਵਿਦਿਆ ਵਿਚ ਛੋਟ ਦੇ ਦਿਤੀ ਗਈ ਤੇ ਉਹ ਵੀ ਹਰ ਖੇਤਰ ਵਿਚ ਅੱਗੇ ਵਧਣ ਲਗੀਆਂ।

ਸ੍ਰੀ ਭੈਣੀ ਸਾਹਿਬ ਆਕੇ ਬੀਬੀ ਨਰਿੰਦਰ ਕੌਰ ਪੂਜਯ ਸ੍ਰੀ ਮਾਤਾ ਜੀ ਦੇ ਦਰਸ਼ਨ ਕਰਨ ਗਏ। ਬੀਬਾ ਜੀ ਮਾਤਾ ਜੀ ਦੀ ਗੋਦੀ ਵਿਚ ਸਨ। ਉਹ ਝੱਟ ਹੀ ਉਠ ਕੇ ਬੀਬੀ ਨਰਿੰਦਰ ਕੌਰ ਦੀ ਗੋਦੀ ਵਿਚ ਬੈਠ ਗਏ। ਫਿਰ ਜਦੋਂ ਇਹ ਮੰਡੀ ਜਾ ਰਹੇ ਸਨ ਤਾਂ ਸਾਰੇ ਰਸਤੇ ਬੀਬੀ ਜੀ ਦੀ ਗੋਦੀ ਵਿਚ ਹੀ ਬੈਠੇ ਰਹੇ। ਬੀਬੀ ਨਰਿੰਦਰ ਦਾ ਸਤਿਗੁਰੂ ਜੀ ਦੀ ਕੋਠੀ ਵਿਚ ਉਪਰ ਵਾਲੇ ਕਮਰੇ ਵਿਚ ਡੇਰਾ ਸੀ ਤੇ ਸੱਚੇ ਪਾਤਸ਼ਾਹ ਜੀ ਦਾ ਹੇਠਾਂ ਕਮਰੇ ਵਿਚ। ਇਕ ਦਿਨ ਮਾਤਾ ਜੀ ਨੇ ਸੱਚੇ ਪਾਤਸ਼ਾਹ ਜੀ ਕੋਲ ਹੱਸ ਕੇ ਬਚਨ ਕੀਤਾ ਕਿ ''ਬੀਬੀ ਨਰਿੰਦਰ ਨੇ ਸਾਡੀ ਗੁੱਡੀ ਤੇ ਕੋਈ ਜਾਦੂ ਕਰ ਦਿਤਾ ਹੈ।'' ਤਾਂ ਸੱਚੇ ਪਾਤਸ਼ਾਹ ਜੀ ਨੇ ਮਜਾਕ ਵਿਚ ਕਿਹਾ - ''ਤੂੰ ਬਚਕੇ ਰਹੀਂ ਤੇਰੇ ਤੇ ਵੀ ਨਾ ਜਾਦੂ ਕਰ ਦੇਵੇ।''

ਬੀਬੀ ਨਰਿੰਦਰ ਦਾ ਕਹਿਣਾ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਭਗਵਾਨ ਕ੍ਰਿਸ਼ਨ ਹੀ ਹਨ, ਭਗਵਾਨ ਰਾਮਚੰਦਰ ਹੀ ਹਨ ਤੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਵੀ। ਜਿਸ ਜਿਸ ਤਰ੍ਹਾਂ ਉਹਨਾਂ ਨੂੰ ਕੋਈ ਯਾਦ ਕਰਦਾ ਹੈ ਉਸਨੂੰ ਉਸੇ ਤਰ੍ਹਾਂ ਹੀ ਦਰਸ਼ਨ ਦਿੰਦੇ ਹਨ।

ਜਦੋਂ ਪਾਤਸ਼ਾਹ ਜੀ ਨੇ ਵੇਖਿਆ ਕਿ ਉਹਨਾਂ ਦੀ ਸਪੁੱਤਰੀ ਬੀਬੀ ਨਰਿੰਦਰ ਦੇ ਨਾਲ ਏਨੀ ਘੁਲ ਮਿਲ ਗਈ ਹੈ ਤਾਂ ਹੁਕਮ ਹੋਇਆ ਕਿ ''ਉਹ ਹੁਣ ਬੀਬਾ ਜੀ ਦੇ ਕੋਲ ਹੀ ਰਹਿਣ।'' ਬੀਬੀ ਜੀ ਨੇ ''ਸਤਿ ਬਚਨ'' ਕਿਹਾ ਤੇ ਉਹ ਵਾਪਸ ਨੈਰੋਬੀ ਹੀ ਨਾ ਗਈ।'' ਬੀਬਾ ਜੀ ਦੇ ਨਾਲ ਰਹਿਣ ਲਈ ਮਾਤਾ ਜੀ ਦੀ ਭਤੀਜੀ ਚਰਨਜੀਤ ਕੌਰ ਵੀ ਆ ਗਈ, ਤਾਕਿ ਦੋਹਾਂ ਬੱਚਿਆਂ ਦਾ ਦਿਲ ਲਗਾ ਰਹੇ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਕਈ ਕਈ ਦਿਨ ਬਾਹਰ ਦਾ ਦੌਰਾ ਹੁੰਦਾ ਸੀ। ਇਹ ਬੱਚੀ ਆਪਣੇ ਪਿਤਾ ਸਤਿਗੁਰੂ ਸੱਚੇ ਪਾਤਸ਼ਾਹ ਜੀ ਲਈ ਬੜੀ ਚਿੰਤਿਤ ਰਹਿੰਦੀ ਸੀ ਅਤੇ ਵੈਰਾਗ ਵਿਚ ਆ ਜਾਂਦੀ ਸੀ। ਇਥੋਂ ਤਕ ਕਿ ਰੋਣ ਵੀ ਲਗ ਪੈਂਦੀ ਸੀ। ਬੀਬੀ ਨਰਿੰਦਰ ਜੀ ਨੇ ਬੀਬਾ ਜੀ ਨੂੰ ਸਮਝਾਉਣ ਲਈ ਕਹਿ ਦੇਣਾ ਕਿ ਉਹ ਭਗਉਤੀ ਦੀਆਂ ਮਾਲਾ ਕਰਨ, ਅਰਦਾਸ ਕਰਨ ਤਾਂ ਸਤਿਗੁਰੂ ਜੀ ਛੇਤੀ ਹੀ ਵਾਪਸ ਆ ਜਾਣਗੇ। ਬੀਬਾ ਜੀ ਨੇ ਉਹਨਾਂ ਤੇ ਵਿਸ਼ਵਾਸ ਕਰਕੇ ਭਗਉਤੀ ਦੀਆਂ ਮਾਲਾ ਕਰਨੀਆਂ, ਫਿਰ ਵੀ ਜੇ ਸੱਚੇ ਪਾਤਸ਼ਾਹ ਜੀ ਨੇ ਨਾ ਆਉਣਾ ਤਾਂ ਬੀਬੀ ਜੀ ਨੇ ਬੀਬਾ ਜੀ ਨੂੰ ਸਮਝਾਉਣਾ ਕਿ ਤੁਸੀਂ ਠੀਕ ਤਰ੍ਹਾਂ ਭਗਉਤੀਆਂ ਦਾ ਪਾਠ ਨਹੀਂ ਕੀਤਾ। ਠੀਕ ਤਰ੍ਹਾਂ ਕਰੋ। ਉਹਨਾਂ ਨੇ ਦੁਬਾਰਾ ਕਰਨਾ। ਫਿਰ ਬੀਬਾ ਜੀ ਨੇ ਸੁਆਲ ਕਰਨਾ, ਸੱਚੇ ਪਾਤਸ਼ਾਹ ਜੀ ਅਜੇ ਵੀ ਨਹੀਂ ਆਏ। ਉਹਨਾਂ ਦਿਨਾਂ ਵਿਚ ਗਰੀਬ ਨਿਵਾਜ ਜ਼ਿਆਦਾ ਸ੍ਰੀ ਜੀਵਨ ਨਗਰ ਹੀ ਰਹਿੰਦੇ ਸਨ। ਮਨ ਹੀ ਮਨ ਬੀਬੀ ਜੀ ਘਬਰਾ ਗਏ ਕਿ ਜੇ ਸੱਚੇ ਪਾਤਸ਼ਾਹ ਜੀ ਜਲਦੀ ਨਾ ਆਏ ਤਾਂ ਛੋਟੀ ਬੱਚੀ ਘਬਰਾ ਜਾਵੇਗੀ ਤੇ ਉਸਦਾ ਭਜਨ-ਬਾਣੀ ਤੋਂ ਵਿਸ਼ਵਾਸ ਉਠ ਜਾਵੇਗਾ। ਪਰ ਸੱਚੇ ਪਾਤਸ਼ਾਹ ਜੀ ਨੇ ਅਰਦਾਸ ਸਵੀਕਾਰ ਕੀਤੀ ਤੇ ਅਚਾਨਕ ਬਾਹਰ ਗੱਡੀਆਂ ਦੇ ਹਾਰਨ ਸੁਣਾਈ ਦੇਣ ਲੱਗੇ। ਬਿਨਾ ਕਿਸੇ ਪ੍ਰੋਗਰਾਮ ਦੇ ਸੱਚੇ ਪਾਤਸ਼ਾਹ ਜੀ ਨੇ ਆਣ ਦਰਸ਼ਨ ਦਿਤੇ। ਬੱਚਿਆਂ ਦੀ ਖੁਸ਼ੀ ਦਾ ਠਿਕਾਣਾ ਨਾ ਰਿਹਾ। ਸੱਚੇ ਪਾਤਸ਼ਾਹ ਜੀ ਨੇ ਆਉਂਦਿਆਂ ਹੀ ਹੁਕਮ ਕੀਤਾ - ''ਮੈਂ ਤਾਂ ਬੱਚਿਆਂ ਨੂੰ ਲੈਣ ਵਾਸਤੇ ਆਇਆ ਹਾਂ।''

ਤੀਜੀ ਸਾਖੀ :-

ਇਕ ਵਾਰੀ ਸੱਚੇ ਪਾਤਸ਼ਾਹ ਜੀ ਬੈਂਕਾਕ ਗਏ। ਉਥੋਂ ਹੀ ਉਹ ਅਫਰੀਕਾ ਚਲੇ ਗਏ। ਦੌਰਾ ਬਹੁਤ ਲੰਬਾ ਹੋ ਗਿਆ। ਘਰ ਵਿਚ ਉਦਾਸੀ ਛਾ ਗਈ। ਬੱਚੀ ਬੀਬਾ ਜੀ ਰੋਣ ਲੱਗੇ। ਬੀਬੀ ਨਰਿੰਦਰ ਨੇ ਉਹਨਾਂ ਦਾ ਮਨ ਹੋਰ ਪਾਸੇ ਲਾਉਣ ਲਈ ਆਖਿਆ ਕਿ ਉਹ ਚਾਲ੍ਹੀ ਦਿਨ ਭਗਉਤੀ ਦੀ ਮਾਲਾ ਕਰਨ। ਸੱਚੇ ਪਾਤਸ਼ਾਹ ਜੀ ਜਲਦੀ ਹੀ ਦਰਸ਼ਨ ਦੇ ਦੇਣਗੇ।

ਚਾਲ੍ਹੀ ਦਿਨ ਬੀਤ ਗਏ। ਬੱਚੀ ਹਰ ਰੋਜ਼ ਭਗਉਤੀਆਂ ਦੀ ਮਾਲਾ ਕਰਦੀ। ਸੱਚੇ ਪਾਤਸ਼ਾਹ ਜੀ ਸ੍ਰੀ ਭੈਣੀ ਸਾਹਿਬ ਨਾ ਪਹੁੰਚੇ। ਉਹਨਾਂ ਦਿਨਾਂ ਵਿਚ ਕੋਠੀ ਦੇ ਆਲੇ ਦੁਆਲੇ ਕੋਈ ਘਰ ਵੀ ਨਹੀਂ ਸੀ। ਬੀਬੀ ਨਰਿੰਦਰ ਕੌਰ ਵੀ ਅੰਦਰੋਂ ਉਦਾਸ ਹੋ ਗਈ। ਬੀਬੀ ਨਰਿੰਦਰ ਕੌਰ ਅੰਦਰੋਂ ਚਿਟਕਨੀਆਂ ਬੰਦ ਕਰ ਲਈਆਂ ਤੇ ਹਲਕੇ ਜਿਹੇ ਬਲਬ ਦੀ ਰੋਸ਼ਨੀ ਰਹਿਣ ਦਿਤੀ।

ਅੱਧੀ ਰਾਤੀਂ ਅਚਾਨਕ ਸਭ ਤੋਂ ਬਾਹਰਲੇ ਦਰਵਾਜੇ ਦੇ ਖੜਕਣ ਦੀ ਆਵਾਜ਼ ਆਈ। ਬੀਬੀ ਨੇ ਸੋਚਿਆ ਕਿ ਕੌਣ ਆ ਗਿਆ ਹੈ ਇਸ ਵਕਤ ? ਉਸਨੇ ਦਰਵਾਜਾ ਹੀ ਨਾ ਖੋਲ੍ਹਿਆ। ਅਚਾਨਕ ਵਿਚਲਾ ਦਰਵਾਜਾ ਖੜਕਣ ਲੱਗਾ। ਬੀਬੀ ਜੀ ਡਰ ਗਏ ਤੇ ਜਲਦੀ ਨਾਲ ਸ੍ਰੀ ਸਤਿਗੁਰੂ ਜੀ ਨੂੰ ਯਾਦ ਕਰਨ ਲੱਗੇ ਕਿ ''ਸੱਚੇ ਪਾਤਸ਼ਾਹ ਜੀ ਰੱਖਿਆ ਕਰੋ। ਬਾਹਰੋਂ ਕੌਣ ਆਉਣ ਦੀ ਕੋਸ਼ਿਸ਼ ਕਰ ਰਿਹਾ ਹੈ ? ਮੈਂ ਬੱਚਿਆਂ ਦੀ ਰੱਖਿਆ ਕਿਵੇਂ ਕਰਾਂਗੀ ?'' ਫਿਰ ਅਚਾਨਕ ਜਿਸ ਕਮਰੇ ਵਿਚ ਬੱਚੇ ਸੌਂ ਰਹੇ ਸਨ ਤੇ ਬੀਬੀ ਉਹਨਾਂ ਦੇ ਕੋਲ ਬੈਠੀ ਹੋਈ ਸੀ ਤਾਂ ਉਹ ਦਰਵਾਜਾ ਖੁਲ੍ਹਿਆ। ਬਾਹਰੋਂ ਅੰਦਰ ਰੋਸ਼ਨੀ ਆਈ ਤਾਂ ਬੀਬੀ ਵੇਖਦੀ ਹੈ ਕਿ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਰਵਾਜੇ 'ਤੇ ਖੜ੍ਹੇ ਹਨ। ਬੀਬੀ ਨੂੰ ਸੁੱਧ-ਬੁੱਧ ਨਾ ਰਹੀ। ਬੀਬੀ ਨੇ ਉਠਕੇ ਇਕਦਮ ਸੱਚੇ ਪਾਤਸ਼ਾਹ ਜੀ ਨੂੰ ਮੱਥਾ

ਟੇਕਿਆ ਅਤੇ ਕਿਹਾ ਕਿ "ਮੈਂ ਬੱਚਿਆਂ ਨੂੰ ਹੁਣੇ ਹੀ ਉਠਾਉਂਦੀ ਹਾਂ।" ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਕਿ "ਬੱਚਿਆਂ ਨੂੰ ਹੁਣੇ ਨਾ ਉਠਾਓ, ਅਸੀਂ ਥੋੜ੍ਹੀ ਦੇਰ ਵਿਚ ਫਿਰ ਆਵਾਂਗੇ।"

ਫਿਰ ਅਚਾਨਕ ਸੱਚੇ ਪਾਤਸ਼ਾਹ ਜੀ ਅਲੋਪ ਹੋ ਗਏ। ਬੀਬੀ ਜੀ ਨੇ ਸਭ ਕਮਰਿਆਂ ਦੀਆਂ ਚਿਟਕਨੀਆਂ ਚੈਕ ਕੀਤਆਂ ਸਭ ਅੰਦਰੋਂ ਦੀ ਬੰਦ ਸਨ। ਬੀਬੀ ਹੈਰਾਨ ਸੀ ਕਿ ਸਾਰੀਆਂ ਕੁੰਡੀਆਂ ਲਗੀਆਂ ਹੋਣ 'ਤੇ ਵੀ ਸੱਚੇ ਪਾਤਸ਼ਾਹ ਜੀ ਕਿਵੇਂ ਅੰਦਰ ਆਏ, ਦਰਸ਼ਨ ਦਿਤੇ ਤੇ ਫੇਰ ਆਉਣ ਲਈ ਕਹਿਕੇ ਚਲੇ ਗਏ। ਫੇਰ ਤਿੰਨ ਚਾਰ ਦਿਨਾਂ ਬਾਅਦ ਸੱਚੇ ਪਾਤਸ਼ਾਹ ਜੀ ਸ੍ਰੀ ਭੈਣੀ ਸਾਹਿਬ ਆਏ।

ਚੌਥੀ ਸਾਖੀ :-

ਸੱਚੇ ਪਾਤਸ਼ਾਹ ਜੀ ਨੂੰ ਬੀਬੀ ਨਰਿੰਦਰ ਦੇ ਭਰਾ ਅਵਤਾਰ ਸਿੰਘ ਨਾਲ ਬੜਾ ਪਿਆਰ ਸੀ ਤੇ ਉਹ ਆਪਣੇ ਨਾਲ ਉਸਨੂੰ ਸ੍ਰੀ ਭੈਣੀ ਸਾਹਿਬ ਲੈ ਆਏ। ਬੱਚੇ ਦੀ ਖਵਾਹਿਸ਼ ਮੁਤਾਬਕ ਹਵਾਈ ਜਹਾਜ ਚਲਾਉਣ ਦੀ ਬਕਾਇਦਾ ਫਲਾਇੰਗ ਕਲੱਬ ਤੋਂ ਟਰੇਨਿੰਗ ਦੁਆਈ। ਰਾਗ ਵਿੱਦਿਆ ਦਾ ਬੜਾ ਸ਼ੌਕ ਸੀ, ਸਤਿਗੁਰੂ ਜੀ ਨੇ ਅਵਤਾਰ ਸਿੰਘ ਨੂੰ ਵੱਡੇ ਵੱਡੇ ਕਲਾਕਾਰਾਂ ਕੋਲ ਭੇਜਿਆ ਰਾਗ ਵਿੱਦਿਆ ਸਿੱਖਣ ਵਾਸਤੇ। ਤਬਲੇ ਦੇ ਉਚ ਕੋਟੀ ਦੇ ਤਬਲਾ ਵਾਦਕ ਬਣੇ। ਕੁੱਝ ਸਮੇਂ ਬਾਅਦ ਉਹਨਾਂ ਨੂੰ ਕੈਂਸਰ ਹੋ ਗਿਆ ਤੇ ਪੰਜ-ਛੇ ਸਾਲ ਬਿਮਾਰ ਵੀ ਰਹੇ। ਉਹਨਾਂ ਵਾਸਤੇ ਇਕ ਵਾਰੀ ਬਾਹਰ ਤੋਂ ਸਪੈਸ਼ਲਿਸਟ ਡਾਕਟਰ ਬੁਲਾਏ ਗਏ। ਹੰਸਪਾਲ ਜੀ ਡਾਕਟਰ ਨੂੰ ਲੈਕੇ ਆਏ। ਜਦੋਂ ਡਾਕਟਰ ਨੂੰ ਬਾਹਰ ਤਕ ਛੱਡਣ ਲਈ ਸਤਿਗੁਰੂ ਜੀ ਉਠੇ ਤਾਂ ਅਵਤਾਰ ਸਿੰਘ ਨੇ ਹੰਸਪਾਲ ਜੀ ਦਾ ਕੁੜਤਾ ਫੜਕੇ ਬੁਲਾਇਆ ਤੇ ਕਿਹਾ - "ਤੁਹਾਡੀ ਤਾਂ ਗੱਲ ਸੱਚੇ ਪਾਤਸ਼ਾਹ ਜੀ ਬਹੁਤ ਮੰਨਦੇ ਹਨ ਤੇ ਤੁਸੀਂ ਸੱਚੇ ਪਾਤਸ਼ਾਹ ਜੀ ਅੱਗੇ ਅਰਜ ਕਰੋ ਕਿ ਉਹ ਮੇਰੇ ਤੇ ਕ੍ਰਿਪਾ ਕਰਨ ਅਤੇ ਹੁਣ ਮੈਨੂੰ ਛੁੱਟੀ ਦੇ ਦੇਣ।" ਹੰਸਪਾਲ ਜੀ ਪਰੇਸ਼ਾਨ ਹੋ ਗਏ ਕਿ "ਉਹ ਇਹ ਦੁਖ ਭਰਿਆ ਸੁਨੇਹਾ ਸੱਚੇ ਪਾਤਸ਼ਾਹ ਜੀ ਤਕ ਕਿਵੇਂ ਪਹੁੰਚਾਉਣ ?" ਏਨੇ ਨੂੰ ਸੱਚੇ ਪਾਤਸ਼ਾਹ ਜੀ ਨੇ ਹੰਸਪਾਲ ਜੀ ਨੂੰ ਪੁੱਛ ਲਿਆ ਕਿ "ਅਵਤਾਰ ਸਿੰਘ ਕੀ ਕਹਿੰਦਾ ਹੈ ?" ਹੰਸਪਾਲ ਜੀ ਨੇ ਹੱਥ ਜੋੜਕੇ ਅਰਜ ਕੀਤੀ ਕਿ "ਪਾਤਸ਼ਾਹ ਜੀ, ਅਵਤਾਰ ਕਹਿੰਦਾ ਹੈ ਕਿ ਮੈਨੂੰ ਹੁਣ ਛੁੱਟੀ ਦੇ ਦਿਓ।" ਸਤਿਗੁਰੂ ਜੀ ਨੇ ਦੁਬਾਰਾ ਫਿਰ ਪੁੱਛਿਆ ਕਿ "ਕੀ ਸੱਚੀ-ਮੁੱਚੀ ਅਵਤਾਰ ਛੁੱਟੀ ਮੰਗ ਰਿਹਾ ਹੈ ?" ਹੰਸਪਾਲ ਜੀ ਨੇ ਅੱਖਾਂ ਥੱਲੇ ਕਰਕੇ ਸਿਰ ਝੁਕਾ ਦਿਤਾ। ਇਸ ਤਰ੍ਹਾਂ ਨਾਲ ਸੱਚੇ ਪਾਤਸ਼ਾਹ ਜੀ ਨੇ ਅਰਜ ਮੰਜੂਰ ਹੀ ਕਰ ਲਈ। ਉਸ ਤੋਂ ਬਾਅਦ ਉਹ ਇਕ ਹਫਤਾ ਬਿਲਕੁੱਲ ਠੀਕ-ਠਾਕ ਰਹੇ ਤੇ ਫਿਰ ਇਕ ਦਿਨ ਅਚਾਨਕ ਬਚਨ ਹੋਇਆ - "ਤਿਆਰੀ ਕਰੋ, ਅਵਤਾਰ ਸਿੰਘ ਨੂੰ ਛੱਡਣ ਜਾਣਾ ਹੈ।" ਲੋਕ ਹੈਰਾਨ ਸਨ ਕਿ ਅਵਤਾਰ ਸਿੰਘ ਤਾਂ ਠੀਕ-ਠਾਕ ਹੈ। ਏਨੇ ਨੂੰ ਲੁਧਿਆਣੇ ਤੋਂ ਸੁਨੇਹਾ ਆ ਗਿਆ ਕਿ ਅਵਤਾਰ ਸਿੰਘ ਚਲ ਵਸਿਆ ਹੈ। ਉਸਦੀ ਦੇਹ ਦਾ ਸਸਕਾਰ ਸ੍ਰੀ ਭੈਣੀ ਸਾਹਿਬ ਹੀ ਕੀਤਾ ਗਿਆ।

ਮੈਂ ਬੀਬੀ ਨਰਿੰਦਰ ਕੌਰ ਦਾ ਬਾਰ-ਬਾਰ ਧੰਨਵਾਦ ਕਰਦਾ ਹਾਂ ਕਿ ਉਹਨਾਂ ਨੇ ਆਪਣਾ ਸਮਾਂ ਕੱਢਕੇ ਸੱਚੇ ਪਾਤਸ਼ਾਹ ਜੀ ਦਾ ਜੱਸ ਮੈਨੂੰ ਸੁਣਾਇਆ ਹੈ। ਬੀਬੀ ਜੀ ਦਾ ਕਹਿਣਾ ਹੈ ਕਿ ਸੱਚੇ ਪਾਤਸ਼ਾਹ ਜੀ ਨੂੰ ਸੰਗੀਤ ਦਾ ਬਹੁਤ ਗਿਆਨ ਹੈ। ਪ੍ਰਾਚੀਨ ਕਾਲ ਦੇ ਸ਼ਾਸਤਰੀ-ਸੰਗੀਤ, ਸੰਗੀਤ ਵਿੱਦਿਆ ਦਾ ਸੱਚੇ ਪਾਤਸ਼ਾਹ ਜੀ ਨੂੰ ਜਿੰਨਾ ਗਿਆਨ ਹੈ, ਓਨਾਂ ਅੱਜ ਕਿਸੇ ਵੱਡੇ ਤੋਂ ਵੱਡੇ ਸੰਗੀਤ ਵਿਦਵਾਨ ਨੂੰ ਵੀ ਸ਼ਾਇਦ ਨਾ ਹੋਵੇ।

ਉਚ ਅਪਾਰ ਬੇਅੰਤ ਸੁਆਮੀ ਕੀ ਜਾਣਾਂ ਗੁਣ ਤੇਰੇ

– ਬੀਬੀ ਸਵਰਨ ਕੌਰ ਜੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਗਤਕਾ ਸਿਖਾਉਣ ਵਾਲੇ ਉਸਤਾਦ ਨੱਥਾ ਸਿੰਘ ਦੀ ਪਤਨੀ ਬੀਬੀ ਸਵਰਨ ਕੌਰ ਅੱਜਕਲ੍ਹ ਸ੍ਰੀ ਭੈਣੀ ਸਾਹਿਬ ਹੀ ਰਹਿੰਦੀ ਹੈ।

ਇਸ ਬੀਬੀ ਸਵਰਨ ਕੌਰ ਨੇ ਆਪਣੀਆਂ ਕੁੱਝ ਹੱਡ-ਬੀਤੀਆਂ ਦਾ ਜ਼ਿਕਰ ਕੀਤਾ ਜਿਨ੍ਹਾਂ ਵਿਚੋਂ ਸਤਿਗੁਰੂ ਹਸਤੀ ਦੀ ਵਡਿਤਣ ਅਤੇ ਕ੍ਰਿਪਾ ਪ੍ਰਤੱਖ ਝਲਕਦੀ ਹੈ।

ਬੀਬੀ ਸਵਰਨ ਕੌਰ ਦੱਸਦੀ ਹੈ ਕਿ ਉਹ ਇਕ ਹਿੰਦੂ ਪਰਵਾਰ ਵਿਚ ਜੰਮੀ ਪਲੀ ਸੀ। ਉਸ ਘਰ ਵਿਚ ਮਾਸ-ਸ਼ਰਾਬ ਦੀ ਵਰਤੋਂ ਆਮ ਸੀ ਤੇ ਘਰ ਦੇ ਪੁਰਸ਼ ਹੁੱਕਾ ਵੀ ਪੀਂਦੇ ਸਨ।

ਪਾਕਿਸਤਾਨ ਵਿਚ ਰਹਿ ਗਏ ਪਿੰਡ ਚੱਕ ਰਾਮਦਾਸ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦੌਰਾ ਸੀ। ਇਸ ਪਿੰਡ ਦੇ ਸੰਤ ਮੂਲਾ ਸਿੰਘ ਦੇ ਘਰ ਇਕ ਵਾਰੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਚਰਨ ਪਾਏ। ਇਕ ਮਾਈ ਭਾਗਣ ਨੇ ਆਪਣੀ ਝੋਲੀ ਵਿਚ ਸਤਿਗੁਰੂ ਜੀ ਦੀ ਚਰਨ-ਧੂੜ ਪਾਈ। ਇਕ ਬਾਰਾਂ ਕੁ ਸਾਲ ਦੀ ਲੜਕੀ (ਇਹੀ ਬੀਬੀ ਸਵਰਨ ਕੌਰ) ਨੇ ਵੀ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਦੀ ਧੂੜ ਚੁੱਕ ਕੇ ਆਪਣੀ ਝੋਲੀ ਵਿਚ ਪਾ ਲਈ। ਸ੍ਰੀ ਸਤਿਗੁਰੂ ਜੀ ਨੇ ਇਹ ਸਭ ਕੁੱਝ ਵੇਖਦਿਆਂ ਸੰਤ ਮੂਲਾ ਸਿੰਘ ਤੋਂ ਪੁਛਿਆ – ''ਇਹ ਲੜਕੀ ਕੌਣ ਹੈ ?''

ਮੂਲਾ ਸਿੰਘ ਨੇ ਹੱਥ ਜੋੜਕੇ ਅਰਜ ਕੀਤੀ – ''ਗਰੀਬ ਨਿਵਾਜ ਇਹ ਲੜਕੀ ਇਸੇ ਹੀ ਪਿੰਡ ਦੇ ਹਿੰਦੂ ਪ੍ਰਵਾਰ ਦੀ ਧੀ ਹੈ। ਆਪ ਜੀ ਕ੍ਰਿਪਾ ਕਰੋ ਕਿ ਇਹ ਕਿਸੇ ਨਾਮਧਾਰੀ ਸਿੱਖ ਦੇ ਘਰ ਜਾਵੇ।''

ਜਾਣੀ ਜਾਣ ਸਤਿਗੁਰੂ ਜੀ ਨੇ ਬਚਨ ਕਰ ਦਿਤਾ ਕਿ ''ਇਹ ਆਪਣੇ ਸਿੰਘ ਦੇ ਘਰ ਹੀ ਜਾਵੇਗੀ।''

ਸਤਿਗੁਰੂ ਜੀ ਨੇ ਮੁਸਕਰਾਉਂਦੇ ਹੋਏ ਉਸ ਲੜਕੀ ਸਵਰਨ ਕੌਰ ਤੋਂ ਪੁਛਿਆ – ''ਬੀਬੀ ਤੂੰ ਸਾਡੇ ਚਰਨਾਂ ਦੀ ਧੂੜ ਦਾ ਕੀ ਕਰੇਂਗੀ ?''

ਬੀਬੀ ਨੇ ਤੁਰੰਤ ਉਤਰ ਦਿਤਾ ਕਿ ''ਜੀ, ਘਰ ਵਿਚ ਜੇ ਕੋਈ ਬਿਮਾਰ ਹੋ ਗਿਆ ਤਾਂ ਇਹ ਚਰਨ ਧੂੜੀ ਲਗਾਉਣ ਨਾਲ ਉਹ ਠੀਕ ਹੋ ਜਾਵੇਗਾ।''

ਸਮਾਂ ਆਇਆ ਤਾਂ ਇਹੀ ਲੜਕੀ ਵੀਹ ਕੁ ਵਰ੍ਹਿਆਂ ਦੀ ਉਮਰ ਵਿਚ ਸੰਤ ਨੱਥਾ ਸਿੰਘ ਦੇ ਨਾਲ ਵਿਆਹੀ ਗਈ। ਬੀਬੀ ਦੇ ਇਸ ਘਰ ਆਉਣ ਦੀ ਕਥਾ ਬੜੀ ਰੋਚਕ ਹੈ।

ਨੱਥਾ ਸਿੰਘ ਹੁਰੀਂ ਪੇਸ਼ੇ ਦੇ ਦਰਜੀ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੁਜਰਾਂਵਾਲੇ ਗੁਰਦੁਆਰੇ ਵਿਚ ਜਾ ਪਹਿਲੀ ਵਾਰ ਦਰਸ਼ਨ ਦਿਤੇ ਤਾਂ ਨੱਥਾ ਸਿੰਘ ਵੀ ਦਰਸ਼ਨ ਕਰਨ ਗਏ। ਸਤਿਗੁਰੂ ਜੀ ਦੀ ਤੇਜਸਵੀ ਤੇ ਦੈਵੀ ਸ਼ਖ਼ਸੀਅਤ ਤੋਂ ਨੱਥਾ ਸਿੰਘ ਏਨਾ ਪ੍ਰਭਾਵਿਤ ਹੋਇਆ ਕਿ ਉਹ ਭਜਨ ਪੁੱਛਕੇ ਨਾਮਧਾਰੀ ਸਿੱਖ ਸਜ ਗਿਆ। ਨੱਥਾ ਸਿੰਘ ਦੀ ਪਹਿਲੀ ਪਤਨੀ ਕੁੱਝ ਸਾਲ ਸਾਥ ਨਿਭਾ ਕੇ ਚੜ੍ਹਾਈ ਕਰ ਚੁੱਕੀ ਸੀ।

ਬੀਬੀ ਸਵਰਨ ਕੌਰ ਦੀ ਭੂਆ ਬੀਬੀ ਜਿੰਦ ਕੌਰ ਆਪਣੀ ਇਸ ਭਤੀਜੀ ਦਾ ਰਿਸ਼ਤਾ ਲੈਕੇ ਨੱਥਾ ਸਿੰਘ ਦੀ ਮਾਤਾ ਕੋਲ ਪਹੁੰਚੀ। ਭੂਆ ਜਿੰਦ ਕੌਰ ਨੇ ਸੰਤ ਨੱਥਾ ਸਿੰਘ ਦੀ ਮਾਤਾ ਨੂੰ ਦੱਸਿਆ – ''ਇਸ ਲੜਕੀ ਦੇ ਮਾਤਾ-ਪਿਤਾ ਗੁਜਰ ਚੁੱਕੇ ਹਨ ਤੇ ਮੇਰਾ ਜੀਅ ਕਰਦਾ ਹੈ ਕਿ ਇਹ ਕਿਸੇ ਗੁਰਸਿੱਖ ਦੇ ਨਾਲ ਵਿਆਹੀ ਜਾਵੇ।''

ਨੱਥਾ ਸਿੰਘ ਦੀ ਮਾਤਾ ਨੇ ਉਤਰ ਦਿਤਾ – ''ਇਹ ਲੜਕੀ ਤੂੰ ਮੈਨੂੰ ਹੀ ਦੇ ਦੇ ।'' ਇਸ ਤਰ੍ਹਾਂ ਬੀਬੀ ਸਵਰਨ ਕੌਰ ਸੰਤ ਨੱਥਾ ਸਿੰਘ ਦੇ ਨਾਲ ਵਿਆਹੀ ਗਈ।

ਵਿਆਹ ਤੋਂ ਕੁੱਝ ਚਿਰਾਂ ਬਾਅਦ ਸਵਰਨ ਕੌਰ ਨੇ ਆਪਣੇ ਪਤੀ ਸੰਤ ਨੱਥਾ ਸਿੰਘ ਨੂੰ ਦੱਸਿਆ ਕਿ ''ਸੁੱਤੇ ਪਿਆਂ ਮੇਰੀਆਂ ਅੱਖਾਂ ਦੇ ਸਾਹਮਣੇ ਦੋ ਦੀਵੇ ਜੱਗ ਪੈਂਦੇ ਹਨ ਤੇ ਕੋਈ ਮੇਰੀ ਮੰਜੀ ਵੀ ਹਿਲਾਉਂਦਾ ਹੈ। ਮੈਂ ਸਮਝਿਆ ਸੀ ਕਿ ਤੁਹਾਡੇ ਲੜ ਲਗਕੇ ਇਹ ਬਲਾ ਵੀ ਦੂਰ ਹੋ ਜਾਵੇਗੀ। ਪਰ ਇਹ ਤਾਂ ਮੈਨੂੰ ਅਜੇ ਵੀ ਬੜਾ ਪਰੇਸ਼ਾਨ ਕਰ ਰਹੀ ਹੈ।

ਸੰਤ ਨੱਥਾ ਸਿੰਘ ਨੇ ਆਪਣੀ ਪਤਨੀ ਸਵਰਨ ਕੌਰ ਨੂੰ ਕਿਹਾ – ''ਤੂੰ ਸਤਿਗੁਰਾਂ ਨੂੰ ਚਿੱਠੀ ਲਿਖ ਤੇ ਮੈਂ ਦੱਸਦਾ ਹਾਂ ਕਿ ਕਿਵੇਂ ਲਿਖਣੀ ਹੈ ?''

ਉਸ ਵਕਤ ਤਕ ਤਾਂ ਬੀਬੀ ਸਵਰਨ ਕੌਰ ਨੇ ਨਾ ਭਜਨ ਪੁਛਿਆ ਸੀ ਤੇ ਨਾ ਹੀ ਅੰਮ੍ਰਿਤ ਛੱਕਿਆ ਸੀ। ਪੰਜ ਕਕਾਰਾਂ ਦੀ ਮਰਿਆਦਾ ਵੀ ਇਸ ਨੇ ਅਜੇ ਧਾਰਨ ਨਹੀਂ ਸੀ ਕੀਤੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਅਜੇ ਗੁਜਰਾਂਵਾਲੇ ਦਰਸ਼ਨ ਦੇ ਰਹੇ ਸਨ। ਨੱਥਾ ਸਿੰਘ ਤੇ ਸਵਰਨ ਕੌਰ ਅਗਲੀ ਸਵੇਰ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਸਾ ਜੀ ਦੀ ਵਾਰ ਸਮੇਂ ਸ਼ਹਿਰ ਦੇ ਗੁਰਦੁਆਰੇ ਗਏ। ਮੱਥਾ ਟੇਕਦੇ ਸਮੇਂ ਸਵਰਨ

ਕੌਰ ਨੇ ਆਪਣੇ ਹੱਥੀਂ ਲਿਖੀ ਹੋਈ ਚਿੱਠੀ ਸਤਿਗੁਰਾਂ ਜੀ ਦੇ ਚਰਨਾਂ ਵਿਚ ਰੱਖ ਦਿਤੀ।

ਜਾਣੀ-ਜਾਣ ਸਤਿਗੁਰੂ ਜੀ ਨੇ ਬਚਨ ਕੀਤਾ - ''ਬੀਬੀ ਤੂੰ ਭਜਨ ਪੁੱਛ ਲੈ ਮਰਿਆਦਾ ਰੱਖਿਆ ਕਰ ਅਤੇ ਭਗਉਤੀ ਦੀ ਮਾਲਾ ਫੇਰਿਆ ਕਰ।''

ਸਵਰਨ ਕੌਰ ਨੇ ਅੰਮ੍ਰਿਤ ਛੱਕ ਲਿਆ ਤੇ ਗੁਰਸਿੱਖੀ ਮਰਿਆਦਾ ਧਾਰਨ ਕਰ ਲਈ ਤੇ ਭਜਨ ਕਰਨਾ ਆਰੰਭ ਕਰ ਦਿਤਾ।

ਅਜੇ ਪਹਿਲੇ ਦਿਨ ਹੀ ਭਗਉਤੀ ਦੀ ਮਾਲਾ ਕੀਤੀ ਸੀ ਕਿ ਸਤਿਗੁਰਾਂ ਦੇ ਬਚਨ ਦਾ ਅਸਰ ਪ੍ਰਤੱਖ ਹੋ ਗਿਆ। ਉਸੇ ਰਾਤ ਤੋਂ ਉਸਨੂੰ ਸੁੱਤੇ ਪਿਆਂ ਦੀਵੇ ਦਿਖਣੇ ਬੰਦ ਹੋ ਗਏ ਤੇ ਮੰਜੀ ਵੀ ਨਾ ਹਿਲੀ। ਕਿਸੇ ਰੱਬੀ ਸਰੂਰ ਵਿਚ ਨੀਂਦ ਵੀ ਬੜੀ ਸੁਹਣੀ ਆਈ। ਬੀਬੀ ਸਵਰਨ ਕੌਰ ਉਸ ਦਿਨ ਤੋਂ ਹੀ ਆਪਣੇ ਨਿਤਨੇਮ ਵਿਚ ਪੱਕੀ ਹੋ ਗਈ।

ਅੱਜ ਬੀਬੀ ਸਵਰਨ ਕੌਰ ਦੀ ਉਮਰ 90 ਵਰ੍ਹੇ ਹੋ ਗਈ ਹੈ। ਪਿਛਲੇ 70 ਵਰ੍ਹੇ ਤੋਂ ਉਹ ਘੱਟੋ ਘੱਟ ਇਕ ਮਾਲਾ ਭਗਉਤੀ ਦੀ ਜਰੂਰ ਕਰਦੀ ਹੈ। ਇਹ ਹੈ ਸੱਚੇ ਸਤਿਗੁਰੂ ਦੀ ਕ੍ਰਿਪਾ ਦਾ ਪ੍ਰਤਾਪ।

ਬੀਬੀ ਸਵਰਨ ਕੌਰ ਇਕ ਹੋਰ ਘਟਨਾ ਦਾ ਜ਼ਿਕਰ ਕਰਦੀ ਹੈ। ਉਹਨਾਂ ਦਿਨਾਂ ਵਿਚ ਬੀਬੀ ਸਵਰਨ ਕੌਰ ਤੇ ਸੰਤ ਨੱਥਾ ਸਿੰਘ ਸ੍ਰੀ ਜੀਵਨ ਨਗਰ ਡੇਰੇ ਵਿਚ ਰਿਹਾ ਕਰਦੇ ਸਨ ਤੇ ਸੰਤ ਨੱਥਾ ਸਿੰਘ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੋਵੇਂ ਸਾਹਿਬਜ਼ਾਦਿਆਂ ਨੂੰ ਗਤਕਾ ਸਿਖਾਉਂਦੇ ਸਨ।

ਜੀਵਨ ਨਗਰ ਰਹਿੰਦਿਆਂ ਬੀਬੀ ਸਵਰਨ ਕੌਰ ਇਕ ਦਿਨ ਦੁਪਹਿਰ ਵੇਲੇ ਨੰਗੇ ਪੈਰੀਂ ਜੰਗਲ ਵਿਚ ਚਲੀ ਗਈ ਤੇ ਉਥੇ ਇਹਦੇ ਪੈਰਾਂ ਤੇ ਇਕ ਬਿੱਛੂ ਡੰਗ ਮਾਰ ਗਿਆ। ਦਰਦ ਬਹੁਤ ਹੋ ਰਹੀ ਸੀ ਪਰ ਦੜ ਵੱਟ ਕੇ ਕਿਸੇ ਤਰ੍ਹਾਂ ਘਰ ਪਹੁੰਚੀ। ਘਰ ਆਕੇ ਉਚੀ ਉਚੀ ਰੋਣ ਲੱਗ ਪਈ। ਘਰ ਸਤਿਗੁਰਾਂ ਦੇ ਨਿਵਾਸ ਦੇ ਨਜ਼ਦੀਕ ਹੀ ਸੀ। ਸਤਿਗੁਰੂ ਜੀ ਬੀਬੀ ਦੇ ਰੋਣ ਦੀ ਆਵਾਜ ਸੁਣੀ। ਸਤਿਗੁਰਾਂ ਨੇ ਰਤਨ ਸਿੰਘ ਲਾਂਗਰੀ ਨੂੰ ਕਿਹਾ ਕਿ ਪਤਾ ਕਰੋ ਬੀਬੀ ਕਿਉਂ ਰੋ ਰਹੀ ਹੈ ? ਰਤਨ ਸਿੰਘ ਨੇ ਆਕੇ ਦੱਸਿਆ ਕਿ ਸਵਰਨ ਕੌਰ ਨੂੰ ਬਿੱਛੂ ਲੜ ਗਿਆ ਹੈ ਤੇ ਉਹ ਦਰਦ ਨਾਲ ਕਰਾਹ ਰਹੀ ਹੈ।

ਸਤਿਗੁਰੂ ਜੀ ਨੇ ਰਤਨ ਸਿੰਘ ਨੂੰ ਕਿਹਾ ਕਿ ਜਾਕੇ ਬੀਬੀ ਨੂੰ ਸੱਪ ਦਾ ਜ਼ਹਿਰ ਮਾਰਨ ਵਾਲੀ ਬੂਟੀ ਖਿਲਾ ਦੇਵੇ। ਰਤਨ ਸਿੰਘ ਨੇ ਇੰਜ ਹੀ ਕੀਤਾ ਪਰ ਆਰਾਮ ਨਾ ਆਇਆ। ਬੀਬੀ ਸਵਰਨ ਕੌਰ ਚੀਕਾਂ ਮਾਰ ਮਾਰ ਕੇ ਰੋਂਦੀ ਹੀ ਜਾਵੇ।

ਸਤਿਗੁਰੂ ਜੀ ਨੇ ਆਪ ਜਾਕੇ ਪੁਛਿਆ - ''ਬੀਬੀ ਇੰਜ ਰੋਂਦੀ ਕਿਉਂ ਪਈ ਹੈ ?'' ਬੀਬੀ ਨੇ ਕਿਹਾ ''ਜੀ ਪੀੜ ਬੜੀ ਹੁੰਦੀ ਹੈ। ਦਰਦ ਜਰੀ ਨਹੀਂ ਜਾ ਰਹੀ।'' ਸਤਿਗੁਰਾਂ ਨੇ ਕਿਹਾ - ''ਬੀਬੀ ਜੇ ਰੋਣ ਨਾਲ ਪੀੜ ਘੱਟਦੀ ਹੈ ਤਾਂ ਤੇਰੇ ਨਾਲ ਅਸੀਂ ਵੀ ਰੋਂਦੇ ਹਾਂ।'' ਬੀਬੀ ਨੇ ਉਚੀ ਉਚੀ ਰੋਣਾ ਬੰਦ ਕਰ ਦਿਤਾ ਤੇ ਹੌਲੀ ਹੌਲੀ ਰੋਂਦੀ ਰਹੀ। ਅੱਧੀ ਰਾਤ ਤਕ ਦਰਦ ਬੰਦ ਹੋ ਗਈ ਤੇ ਫਿਰ ਪੂਰੀ ਤਰ੍ਹਾਂ ਆਰਾਮ ਆ ਗਿਆ।

ਤਿੰਨ ਬੱਚਿਆਂ ਦੀ ਇਕੱਠੀ ਦਾਤ

– ਬੀਬੀ ਨਰਜੀਤ ਕੌਰ ਜੀ ਤੇ ਬੀਬੀ ਪ੍ਰੇਮ ਮਾਲਾ ਜੀ

ਬੀਬੀ ਨਰਜੀਤ ਕੌਰ ਦਾ ਆਨੰਦ ਕਾਰਜ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ 16 ਫਰਵਰੀ 1955-56 ਵਿਚ ਬੈਂਕਾਕ ਵਿਖੇ ਹੋਇਆ ਸੀ। ਉਸ ਦਿਨ ਬਸੰਤ ਪੰਚਮੀ ਦਾ ਦਿਨ ਸੀ। ਇਹਨਾਂ ਦੇ ਪਤੀ ਸੰਤ ਜਸਪਾਲ ਸਿੰਘ ਮਨਚੰਦਾ ਹਨ। ਚੌਦਾਂ ਸਾਲਾਂ ਵਿਚ ਤਿੰਨ ਲੜਕੀਆਂ ਦੀ ਸੰਤਾਨ ਸੀ। ਪਰ ਲੜਕਾ ਕੋਈ ਨਹੀਂ ਸੀ। ਬੀਬੀ ਜੀ ਦੀ ਇੱਛਾ ਸੀ ਕਿ ਸਤਿਗੁਰੂ ਜੀ ਕ੍ਰਿਪਾ ਕਰਨ ਤੇ ਲੜਕਾ ਹੋਵੇ।

ਇਕ ਰਾਤ ਦੀ ਗੱਲ ਹੈ। ਬੀਬੀ ਨਰਜੀਤ ਕੌਰ ਗਹਿਰੀ ਨੀਂਦ ਸੁੱਤੀ ਹੋਈ ਸੀ ਕਿ ਸੁਪਨੇ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਹੋਏ। ਨਾਲ ਹੀ ਸ੍ਰੀ ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਸਨ। ਬੀਬੀ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ''ਗਰੀਬ ਨਿਵਾਜ ਪੁੱਤਰ ਦੀ ਦਾਤ ਬਖ਼ਸ਼ੋ।'' ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੱਲ ਇਸ਼ਾਰਾ ਕਰਦੇ ਹੋਏ ਬਚਨ ਕੀਤਾ – ''ਤੂੰ ਵੱਡੇ ਕਾਕੇ ਨੂੰ ਅਰਜ ਕਰ।'' ਬੀਬੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅੱਗੇ ਹੱਥ ਜੋੜ ਦਿਤੇ। ਏਨੇ ਨੂੰ ਸੁਪਨਾ ਟੁੱਟ ਗਿਆ ਤੇ ਬੀਬੀ ਜਾਗ ਪਈ।

ਕੁੱਝ ਸਮੇਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬੈਂਕਾਕ ਦਰਸ਼ਨ ਦਿਤੇ। ਸੇਠ ਤ੍ਰਿਲੋਕ ਸਿੰਘ ਜੀ ਦੀ ਕੋਠੀ ਡੇਰਾ ਸੀ। ਕਈ ਜੋੜੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਅਤੇ ਬੱਚਿਆਂ ਵਾਸਤੇ ਅਰਜ ਕਰਨ ਆਏ ਹੋਏ ਸਨ। ਬੀਬੀ ਨਰਜੀਤ ਕੌਰ ਵੀ ਆਪਣੇ ਪਤੀ ਸੰਤ ਜਸਪਾਲ ਸਿੰਘ ਮਨਚੰਦਾ ਨਾਲ ਸਤਿਗੁਰੂ ਜੀ ਦੇ ਦਰਸ਼ਨ ਕਰਨ ਗਈ। ਜਦੋਂ ਸਾਰੇ ਦਰਸ਼ਨ ਕਰ ਚੁੱਕੇ ਤਾਂ ਅਚਾਨਕ ਸੱਚੇ ਪਾਤਸ਼ਾਹ ਜੀ ਉਠ ਖੜ੍ਹੇ ਹੋਏ ਤੇ ਬਚਨ ਕੀਤਾ –

''ਆਪ ਸਭ ਲੋਕ ਜਾਓ, ਹੁਣ ਬਿਰਾਜਣ ਦਾ ਸਮਾਂ ਹੋ ਗਿਆ ਹੈ।'' ਸੱਚੇ ਪਾਤਸ਼ਾਹ ਜੀ ਉਠਕੇ ਦਰਵਾਜੇ ਵਿਚ ਖੜ੍ਹੇ ਹੋ ਗਏ।ਉਸ ਸਮੇ ਉਥੇ ਕਮਰੇ ਵਿਚ ਇਕ ਹੋਰ ਜੋੜਾ ਸੰਤ ਪ੍ਰੀਤਮ ਸਿੰਘ ਤੇ ਬੀਬੀ ਬੇਅੰਤ ਕੌਰ ਵੀ ਹਾਜ਼ਰ ਸਨ। ਬੀਬੀ ਨਰਜੀਤ ਕੌਰ ਨੇ ਬੀਬੀ ਬੇਅੰਤ ਕੌਰ ਦੇ ਕੰਨ ਵਿਚ ਕਿਹਾ ਕਿ ਆਪਾਂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਰਜ ਕਰੀਏ ਕਿ ਉਹ ਸਾਨੂੰ ਦੋਹਾਂ ਨੂੰ ਇਕ ਇਕ ਬੱਚਾ ਦੇਣ ਦੀ ਕ੍ਰਿਪਾ ਕਰਨ। ਕਿਉਂਕਿ ਦੋਹਾਂ ਦੀ ਸ਼ਾਦੀ ਵੀ ਇਕੋ ਦਿਨ ਹੀ ਹੋਈ ਸੀ। ਬੀਬੀ ਬੇਅੰਤ ਕੌਰ ਨੇ ਬੀਬੀ ਨਰਜੀਤ ਕੌਰ ਦੀ ਇਹ ਅਰਜ ਆਪਣੇ ਪਤੀ ਸੰਤ ਪ੍ਰੀਤਮ ਸਿੰਘ ਦੇ ਕੰਨਾਂ ਤਕ ਪਹੁੰਚਾਈ।

ਜਾਣੀ-ਜਾਣ ਪਾਤਸ਼ਾਹ ਜੀ ਇਹ ਸਾਰਾ ਨਜ਼ਾਰਾ ਦੇਖ ਰਹੇ ਸਨ ਅਤੇ ਮੁਸਕਰਾ ਰਹੇ ਸਨ। ਆਪ ਜਾਣਦੇ ਸਨ ਕਿ ਬੀਬੀਆਂ ਦੀ ਕੀ ਮੰਗ ਹੈ ? ਪਰ ਫਿਰ ਵੀ ਸ੍ਰੀ ਸਤਿਗੁਰੂ ਜੀ ਨੇ ਸੰਤ ਪ੍ਰੀਤਮ ਸਿੰਘ ਨੂੰ ਪੁੱਛਿਆ ਕਿ ''ਬੀਬੀ ਨਰਜੀਤ ਕੌਰ ਕੰਨ ਵਿਚ ਕੀ ਕਹਿ ਰਹੀ ਹੈ ?''ਤਾਂ ਸੰਤ ਪ੍ਰੀਤਮ ਸਿੰਘ ਨੇ ਸਤਿਗੁਰਾਂ ਅੱਗੇ ਅਰਜ ਕੀਤੀ ਕਿ ''ਹੇ ਗਰੀਬ ਨਿਵਾਜ, ਦੋਹਾਂ ਤੇ ਕ੍ਰਿਪਾ ਕਰੋ ਤੇ ਦੋਹਾਂ ਨੂੰ ਪੁੱਤਰ ਦੀ ਦਾਤ ਬਖ਼ਸ਼ੋ ਜੀ।'' ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ ਕਿ ''ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕਰਿਆ ਕਰੋ, ਮੈਂ ਭਲਾ ਕੀ ਹਾਂ ?'' ਬੀਬੀ ਨਰਜੀਤ ਕੌਰ ਦੇ ਪਤੀ ਸੰਤ ਜਸਪਾਲ ਸਿੰਘ ਮਨਚੰਦਾ ਨੇ ਸਤਿਗੁਰੂ ਜੀ ਦੇ ਚਰਨਾਂ 'ਤੇ ਡਿੱਗ ਕੇ ਰੋ-ਰੋ ਕੇ ਅਰਜ ਕੀਤੀ ਕਿ ''ਗਰੀਬ ਨਿਵਾਜ ਕਰਨ ਕਰਾਉਣ ਵਾਲੇ ਤਾਂ ਆਪ ਹੀ ਹੋ, ਆਪ ਕ੍ਰਿਪਾ ਕਰੋ ਜੀ।'' ਮਨਚੰਦਾ ਜੀ ਉਠੇ ਤੇ ਬੀਬੀ ਬੇਅੰਤ ਕੌਰ ਵੀ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਡਿੱਗ ਪਈ ਤੇ ਰੋਣ ਲਗ ਪਈ। ਸਤਿਗੁਰਾਂ ਨੇ ਫਿਰ ਬਚਨ ਕੀਤਾ – ''ਭਜਨ ਕਰਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰੋ ।''

ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਦੋਹਾਂ ਜੋੜਿਆਂ 'ਤੇ ਹੋ ਗਈ। ਇਕ ਸਾਲ ਦੇ ਅੰਦਰ ਅੰਦਰ ਸੰਤ ਪ੍ਰੀਤਮ ਸਿੰਘ ਦੇ ਘਰ ਬੇਟਾ ਪੈਦਾ ਹੋਇਆ, ਜਿਸਦਾ ਨਾਂ ਦਰਸ਼ਨ ਸਿੰਘ ਰੱਖਿਆ । ਉਸ ਤੋਂ ਅਗਲੇ ਸਾਲ ਬੀਬੀ ਨਰਜੀਤ ਕੌਰ ਦੇ ਘਰ ਵੀ ਬੇਟਾ ਹੋਇਆ, ਜਿਸਦਾ ਨਾਮ ਗੁਰਮੀਤ ਸਿੰਘ ਰੱਖਿਆ ਗਿਆ। ਉਹਨਾਂ ਦਿਨਾਂ ਵਿਚ ਸ੍ਰੀ ਸਤਿਗੁਰੂ ਜੀ ਲੰਡਨ ਦੌਰੇ ਤੇ ਗਏ ਹੋਏ ਸਨ। ਬੀਬੀ ਨਰਜੀਤ ਕੌਰ ਦੇ ਪਤੀ ਸੰਤ ਜਸਪਾਲ ਸਿੰਘ ਮਨਚੰਦਾ ਨੇ ਟੈਲੀਫੋਨ ਤੇ ਲੰਡਨ ਵਿਖੇ ਸਤਿਗੁਰਾਂ ਨੂੰ ਲੜਕਾ ਹੋਣ ਦੀ ਸੂਚਨਾ ਦਿਤੀ। ਸੱਚੇ ਪਾਤਸ਼ਾਹ ਜੀ ਨੇ ਜਵਾਬ ਵਿਚ ਸੇਠ ਤ੍ਰਿਲੋਕ ਸਿੰਘ ਦੇ ਘਰ ਟੈਲੀਫੋਨ ਕੀਤਾ ਤੇ ਬਚਨ ਕੀਤਾ – ''ਬੀਬੀ ਨੂੰ ਮੇਰੇ ਵਲੋਂ ਵਧਾਈ ਦਿਓ।'' ਧੰਨ ਹਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਜਿਹਨਾਂ ਨੇ ਬੀਬੀ ਨਰਜੀਤ ਕੌਰ ਦੇ ਘਰ ਖੁਸ਼ੀਆਂ ਬਖ਼ਸ਼ੀਆਂ।

ਦੂਸਰੀ ਸਾਖੀ :-

ਸਮਾਂ ਬੀਤਦਾ ਗਿਆ ਤੇ ਹੌਲੀ ਹੌਲੀ ਬੀਬੀ ਨਰਜੀਤ ਕੌਰ ਦਾ ਪੁੱਤਰ ਗੁਰਮੀਤ ਜਵਾਨ ਹੁੰਦਾ ਗਿਆ। ਉਸਦਾ

ਵਿਆਹ ਪ੍ਰੇਮ ਮਾਲਾ ਨਾਮ ਦੀ ਲੜਕੀ ਨਾਲ 1992 ਵਿਚ ਬੈਂਕਾਕ ਵਿਖੇ ਹੋਇਆ। ਸ਼ਾਦੀ ਪਿੱਛੋਂ ਪਤੀ-ਪਤਨੀ ਦੋਹਾਂ ਨੇ ਫੈਸਲਾ ਕੀਤਾ ਕਿ ਦੋ ਸਾਲ ਤਕ ਕੋਈ ਬੱਚਾ ਨਾ ਪੈਦਾ ਕੀਤਾ ਜਾਵੇ ਤੇ ਇਸ ਫੈਸਲੇ ਤੇ ਦੋਹਾਂ ਨੇ ਅਮਲ ਵੀ ਕੀਤਾ। ਪਰ ਰਜ਼ਾ ਰੱਬ ਦੀ। ਉਹਨਾਂ ਦੇ ਸਰੀਰ ਵਿਚ ਕੋਈ ਐਸਾ ਵਿਘਨ ਪੈ ਗਿਆ ਕਿ ਬਾਅਦ ਵਿਚ ਕਾਫੀ ਇਲਾਜ ਕਰਾਉਣ ਤੋਂ ਬਾਅਦ ਵੀ ਕੋਈ ਬੱਚਾ ਨਾ ਹੋਇਆ। ਬੜੇ ਪਰੇਸ਼ਾਨ ਹੋਣ ਲੱਗੇ। ਪੰਜ ਵਰ੍ਹੇ ਏਦਾਂ ਹੀ ਗੁਜਰ ਗਏ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 1997 ਵਿਚ ਬੈਂਕਾਕ ਦਾ ਦੌਰਾ ਕੀਤਾ ਅਤੇ ਸਾਧ ਸੰਗਤ ਨੂੰ ਦਰਸ਼ਨ ਦਿਤੇ। ਇਕ ਦਿਨ ਦੀਵਾਨ ਵਿਚ ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਬੈਂਕਾਕ ਵਿਚ ਨਾਮਧਾਰੀ ਇੰਟਰਨੈਸ਼ਨਲ ਸਕੂਲ ਖੋਲ੍ਹਿਆ ਜਾ ਰਿਹਾ ਹੈ ਇਸ ਵਾਸਤੇ ਬੀਬੀਆਂ ਆਪਣੇ ਬੱਚਿਆਂ ਦੇ ਨਾਮ ਲਿਖਵਾਉਣ। ਕੁਝ ਲੋਕਾਂ ਨੇ ਸਕੂਲ ਵਾਸਤੇ ਆਪਣੇ ਬੱਚਿਆਂ ਦੇ ਨਾਮ ਲਿਖਵਾ ਦਿਤੇ। ਪਰ ਕੁੱਝ ਕੁ ਲੋਕ ਝਿਜਕ ਗਏ ਕਿ ਉਹ ਆਪਣੇ ਬੱਚਿਆਂ ਨੂੰ ਈਸਾਈਆਂ ਦੇ ਸਕੂਲੋਂ ਕੱਢਕੇ ਨਾਮਧਾਰੀ ਸਕੂਲ (ਜਿਹੜਾ ਅਜੇ ਨਵਾਂ ਨਵਾਂ ਸ਼ੁਰ ਹੋਵੇਗਾ) ਵਿਚ ਕਿੱਦਾਂ ਦਾਖਲ ਕਰਵਾਉਣ।

ਅਗਲੇ ਸਾਲ 1998 ਵਿਚ ਸੱਚੇ ਪਾਤਸ਼ਾਹ ਜੀ ਬੈਂਕਾਕ ਗਏ ਤੇ ਸੂਚਨਾ ਮਿਲੀ ਕਿ ਬਹੁਤ ਥੋੜ੍ਹੇ ਨਾਮਧਾਰੀ ਬੱਚੇ ਆਪਣੇ ਸਕੂਲ ਵਿਚ ਦਾਖਲ ਹੋਏ ਹਨ। ਸੱਚੇ ਪਾਤਸ਼ਾਹ ਜੀ ਦੇ ਹੁਕਮ ਕਰਨ ਤੇ ਸੱਚੇ ਪਾਤਸ਼ਾਹ ਜੀ ਦੇ ਕੋਲ ਵਾਰੀ-ਵਾਰੀ ਬੀਬੀਆਂ ਆਕੇ ਆਪਣੇ ਬੱਚਿਆਂ ਦੇ ਨਾਮ ਲਿਖਵਾ ਰਹੀਆਂ ਸਨ। ਬੀਬੀ ਨਰਜੀਤ ਕੌਰ ਨੇ ਸਤਿਗੁਰੂ ਜੀ ਪਾਸ ਆਕੇ ਬੇਨਤੀ ਕੀਤੀ ਕਿ ''ਸੱਚੇ ਪਾਤਸ਼ਾਹ ਜੀ, ਮੇਰੀ ਨੂੰਹ ਪ੍ਰੇਮ ਮਾਲਾ ਦੇ ਤਾਂ ਅਜੇ ਕੋਈ ਬੱਚਾ ਨਹੀਂ ਹੈ, ਬੱਚੇ ਦਿਓਗੇ ਤਾਂ ਸਕੂਲੇ ਦਾਖਲ ਕਰਵਾਉਣ ਲਈ ਨਾਂ ਲਿਖਵਾਵਾਂਗੇ। ਡਾਕਟਰ ਕਹਿੰਦੇ ਹਨ ਕਿ ਅਜੇ ਕੋਈ ਉਮੀਦ ਨਹੀਂ ਹੈ।'' ਪਰ ਸ੍ਰੀ ਹਜ਼ੂਰ ਪਾਤਸ਼ਾਹ ਜੀ ਬੀਬੀ ਨਰਜੀਤ ਕੌਰ ਤੇ ਉਹਦੀ ਨੂੰਹ ਪ੍ਰੇਮ ਮਾਲਾ ਵੱਲ ਇਕ ਵਾਰ ਵੀ ਨਾ ਤੱਕਿਆ।

ਸੱਚੇ ਪਾਤਸ਼ਾਹ ਜੀ ਬੈਂਕਾਕ ਵਿਚ ਬੀਬੀ ਮਹਿੰਦਰ ਕੌਰ ਗਿਆਨਣ ਦੇ ਘਰ ਠਹਿਰੇ ਹੋਏ ਸਨ। ਬੀਬੀ ਨਰਜੀਤ ਕੌਰ ਆਪਣੀ ਨੂੰਹ ਪ੍ਰੇਮ ਮਾਲਾ ਨੂੰ ਲੈਕੇ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰਨ ਗਈ। ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਨਿਮਸਕਾਰ ਕਰਕੇ ਆਪਣੀ ਝੋਲੀ ਫੈਲਾ ਕੇ ਅਰਜ ਕੀਤੀ -

''ਗਰੀਬ ਨਿਵਾਜ ਜੀਓ, ਆਪ ਜੀ ਬਚਿਆਂ ਦੀ ਦਾਤ ਦਿਓ, ਮੈਂ ਆਪ ਜੀ ਦੇ ਸਕੂਲ ਵਿਚ ਬੱਚਿਆਂ ਨੂੰ ਦਾਖਲ ਕਰਵਾਵਾਂਗੀ। ਮੇਰੀ ਨੂੰਹ ਦੀ ਸ਼ਾਦੀ ਨੂੰ ਪੰਜ ਸਾਲ ਹੋ ਗਏ ਹਨ ਪਰ ਬੱਚਾ ਅਜੇ ਕੋਈ ਨਹੀਂ ਹੈ।''

ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ ਕਿ ''ਬੀਬੀਆਂ ਬੱਚੇ ਮੰਗਣ ਆ ਜਾਂਦੀਆਂ ਹਨ ਪਰ ਆਪਣੇ ਹੀ ਸਕੂਲ ਵਿਚ ਉਨ੍ਹਾਂ ਦੇ ਨਾਮ ਨਹੀਂ ਲਿਖਵਾਉਂਦਿਆਂ।'' ਸਤਿਗੁਰੂ ਜੀ ਨੇ ਤਿੰਨ ਵਾਰੀ ਇਹੋ ਹੀ ਬਚਨ ਕੀਤਾ। ਬੀਬੀ ਨਰਜੀਤ ਕੌਰ ਆਪਣੀ ਨੂੰਹ ਪ੍ਰੇਮ ਮਾਲਾ ਨੂੰ ਨਾਲ ਲੈਕੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ 'ਤੇ ਡਿੱਗ ਪਈ ਤਾਂ ਦਇਆ ਤੇ ਖਿਮਾ ਦੀ ਮੂਰਤੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ ਕਿ ''ਬੀਬੀ ਪ੍ਰੇਮ ਮਾਲਾ ਨੂੰ ਕਹੋ ਢਾਈ ਮਾਲਾ ਭਜਨ ਦੀਆਂ ਤੇ ਇਕ ਮਾਲਾ ਭਗਉਤੀ ਦੀ ਰੋਜ਼ ਕਰਿਆ ਕਰੇ, ਸੱਚੇ ਪਾਤਸ਼ਾਹ ਜੀ ਕ੍ਰਿਪਾ ਕਰਨਗੇ।'' ਸੱਚੇ ਪਾਤਸ਼ਾਹ ਜੀ ਦੇ ਇਹਨਾਂ ਬਚਨਾ ਦੇ ਠੀਕ ਇਕ ਮਹੀਨੇ ਬਾਅਦ ਹੀ ਪ੍ਰੇਮ ਮਾਲਾ ਨੂੰ ਦਿਨ ਚੜ੍ਹ ਆਏ। ਅਲਟਰਾ ਸਾਉਂਡ ਦੀ ਰਿਪੋਰਟ ਤੇ ਪਤਾ ਲੱਗਾ ਕਿ ਦੋ ਬੱਚੇ ਹਨ। ਦੂਸਰੀ ਵਾਰ ਫਿਰ ਅਲਟਰਾ ਸਾਉਂਡ ਕਰਾਇਆ ਤਾਂ ਪਤਾ ਲੱਗਾ ਕਿ ਤਿੰਨ ਬੱਚੇ ਹਨ।

ਹੁਣ ਬੀਬੀ ਨਰਜੀਤ ਕੌਰ ਚਿੰਤਾਤੁਰ ਸੀ ਕਿ ਤਿੰਨ ਤਿੰਨ ਬੱਚੇ ਕਿਵੇਂ ਠੀਕ ਰਹਿ ਸਕਦੇ ਹਨ ? ਬੀਬੀ ਪ੍ਰੇਮ ਮਾਲਾ ਵੀ ਬਹੁਤ ਚਿੰਤਾਤੁਰ ਰਹਿਣ ਲੱਗੀ। ਪਰ ਰਜ਼ਾ ਸਤਿਗੁਰੂ ਜੀ ਦੀ (ਤਿੰਨੇ ਬੱਚੇ ਦੋ ਲੜਕੇ ਤੇ ਇਕ ਲੜਕੀ) ਬਿਲਕੁਲ ਸਵਸਥ ਪੈਦਾ ਹੋਏ, ਵਜਨ ਵੀ ਠੀਕ ਸੀ।

ਇਹਨਾਂ ਬੱਚਿਆਂ ਦੇ ਪੈਦਾ ਹੋਣ ਤੋਂ ਪਹਿਲਾਂ ਕੁੱਖ ਅੰਦਰ ਮਾਸ ਵੱਧ ਗਿਆ ਸੀ। ਉਹਦਾ ਵੀ ਆਪ੍ਰੇਸ਼ਨ ਕਰਨਾ ਪੈਣਾ ਸੀ। ਪੰਦਰਾਂ ਕੁ ਦਿਨ ਪਹਿਲਾਂ ਸ੍ਰੀ ਭੈਣੀ ਸਾਹਿਬ ਫੋਨ ਕਰਕੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਸਫਲ ਆਪ੍ਰੇਸ਼ਨ ਵਾਸਤੇ ਅਰਜ ਕੀਤੀ। ਸੱਚੇ ਪਾਤਸ਼ਾਹ ਜੀ ਹੁਕਮ ਕੀਤਾ - ''ਚੰਡੀ ਦੀ ਵਾਰ ਤੇ ਭਜਨ ਦੀ ਵਰਨੀ ਕਰੋ, ਸੱਚੇ ਪਾਤਸ਼ਾਹ ਜੀ ਕ੍ਰਿਪਾ ਕਰਨਗੇ।''

ਸੱਚੇ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਦੋਵੇਂ ਵਰਨੀਆਂ ਕਰਵਾਈਆਂ ਗਈਆਂ। ਆਪ੍ਰੇਸ਼ਨ ਠੀਕ-ਠਾਕ ਹੋਇਆ। ਸਤਿਗੁਰੂ ਜੀ ਤਾਂ ਆਪ ਅਕਾਲ ਪੁਰਖ ਹਨ। ਉਹਨਾਂ ਦੇ ਬਚਨਾਂ ਵਿਚ ਹੀ ਤਾਕਤ ਤੇ ਸਫਲਤਾ ਹੈ। ਉਹ ਤਾਂ ਹਰ ਅਸੰਭਵ ਗੱਲ ਨੂੰ ਸੰਭਵ ਕਰ ਸਕਦੇ ਹਨ। ਬੀਬੀ ਪ੍ਰੇਮ ਮਾਲਾ ਉਸ ਦਿਨ ਤੋਂ ਭਗਉਤੀ ਦੀ ਮਾਲਾ ਰੋਜ਼ ਜ਼ਰੂਰ ਕਰਦੀ ਹੈ। ਜਦ ਅਗਲੀ ਵਾਰ ਗਰੀਬ ਨਿਵਾਜ ਜੀ ਨੇ ਬੈਂਕਾਕ ਵਿਖੇ ਦਰਸ਼ਨ ਦਿਤੇ ਤਾਂ ਬੀਬੀ ਨਰਜੀਤ ਕੌਰ ਤਿੰਨੇ ਪੋਤੇ-ਪੋਤਰੀਆਂ ਨੂੰ ਲੈਕੇ ਬੀਬੀ ਗਿਆਨਣ ਦੇ ਘਰ ਪਾਤਸ਼ਾਹ ਜੀ ਦੇ ਦਰਸ਼ਨ ਕਰਨ ਤੇ ਨਾਲ ਧੰਨਵਾਦ ਕਰਨ ਆਈ ਤੇ ਕਿਹਾ - ''ਪਾਤਸ਼ਾਹ ਜੀ, ਆਪ ਨੇ ਤਾਂ ਪੂਰਾ ਪਰਵਾਰ ਇਕੋ ਵਾਰੀ ਹੀ ਦੇ ਦਿਤਾ ਹੈ। ਸੱਚੇ ਪਾਤਸ਼ਾਹ ਜੀ ਮੁਸਕਰਾਏ।

ਧੰਨ ਹਨ ਦੀਨ ਦਿਆਲ ਸਤਿਗੁਰੂ ਜੀ !

